ੴ ਵਾਹਿਗੁਰੂ ਜੀ ਕੀ ਫ਼ਤਿਹ ॥

## ਭਾਈ ਨੰਦ ਲਾਲ ਸਿੰਘ ਜੀ ਕ੍ਰਿਤ

# ਗੰਜਨਾਮਾ

[ ਪੰਜਾਬੀ ਕਾਵਿ ਉਲਥੇ ਸਮੇਤ ]

ਉਲਥਾਕਾਰ

ਭਾਈ ਹਰਨਾਮ ਸਿੰਘ ਜੀ ਕੋਮਲ

ਭਾਈ ਨੰਦ ਲਾਲ ਸਿੰਘ ਜੀ ਰਚਿਤ

# ਗੰਜ ਨਾਮਾ

## ਪੰਜਾਬੀ ਕਾਵਿ-ਉਲਥੇ ਸਮੇਤ

ਉਲਥਾਕਾਰ

**ਭਾਈ ਹਰਨਾਮ ਸਿੰਘ ਜੀ ਕੋਮਲ**

ਵਲੋਂ

**ਕੋਮਲ ਪਰਵਾਰ**

ਪ੍ਰਕਾਸ਼ਕ
ਬੀਬੀ ਇੰਦਰਜੀਤ ਕੌਰ ਸੁਪਤਨੀ ਭਾਈ ਹਰਨਾਮ ਸਿੰਘ ਜੀ ਕੋਮਲ
123, ਨਵਾਂ ਮਾਡਲ ਟਾਊਨ, ਲੁਧਿਆਣਾ

ਪਹਿਲੀ ਵਾਰ ਦਸੰਬਰ 1995

੧੦੦੦ ਕਾਪੀ

ਛਾਪਕ
ਲੌਕੱਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ

## ਤਤਕਰਾ


ਜਾਣ ਪਛਾਣ— ਗਿ: ਜਸਵੰਤ ਸਿੰਘ ਜੀ ਬੀ.ਏ; ਬੀ.ਟੀ. (ਸੰਪਾਦਕ) ੫
ਗੁਰੂ ਸਚੇ ਪਾਤਸ਼ਾਹ ਦੀ ਵਡਿਆਈ (ਅੰਕ ੧-੧੧) ੯
ਸਲਤਨਤਿ ਅਵਲ (ਪਹਿਲੀ ਪਾਤਸ਼ਾਹੀ) (੧੨ ਤੋਂ ੫੩) ੧੧
ਸਲਤਨਤਿ ਦੋਇਮ (ਦੂਜੀ ਪਾਤਸ਼ਾਹੀ) (੫੪ ਤੋਂ ੬੨) ੧੯
ਸਲਤਨਤਿ ਸ਼ੋਇਮ (ਤੀਜੀ ਪਾਤਸ਼ਾਹੀ) (੬੩ ਤੋਂ ੬੭) ੨੧
ਸਲਤਨਤਿ ਚਹਾਰਮ (ਚੌਥੀ ਪਾਤਸ਼ਾਹੀ) (੬੮ ਤੋਂ ੭੩) ੨੩
ਸਲਤਨਤਿ ਪੰਚਮ (ਪੰਜਵੀਂ ਪਾਤਸ਼ਾਹੀ) (੭੪ ਤੋਂ ੭੯) ੨੫
ਸਲਤਨਤਿ ਸ਼ਸ਼ਮ (ਛੇਵੀਂ ਪਾਤਸ਼ਾਹੀ) (੮੦ ਤੋਂ ੮੫) ੨੭
ਸਲਤਨਤਿ ਹਫ਼ਤਮ (ਸਤਵੀਂ ਪਾਤਸ਼ਾਹੀ) (੮੬ ਤੋਂ ੯੧) ੨੯
ਸਲਤਨਤਿ ਹਸ਼ਤਮ (ਅਠਵੀਂ ਪਾਤਸ਼ਾਹੀ) (੯੨ ਤੋਂ ੯੭) ੩੧
ਸਲਤਨਤਿ ਨਹਮ (ਨੌਵੀਂ ਪਾਤਸ਼ਾਹੀ) (੯੮ ਤੋਂ ੧੦੩) ੩੩
ਸਲਤਨਤਿ ਦਹਮ (ਦਸਵੀਂ ਪਾਤਸ਼ਾਹੀ) (੧੦੪ ਤੋਂ ੧੬੦) ੩੬

# ਭਾਈ ਨੰਦ ਲਾਲ ਸਿੰਘ ਜੀ ਦੀ ਫ਼ਾਰਸੀ ਵਾਰਤਕ

ਭਾਈ ਸਾਹਿਬ ਨੰਦ ਲਾਲ ਸਿੰਘ ਜੀ ਨੇ ਸਭ ਪਾਤਸ਼ਾਹੀਆਂ ਬਾਰੇ ਲਿਖੇ ਕਾਵਿ-ਬੰਦਾਂ ਤੋਂ ਪਹਿਲਾਂ, ਉਨ੍ਹਾਂ ਦੀ ਸਿਫ਼ਤਾਵਲੀ ਵਿਚ ਇਕ ਇਕ ਫ਼ਾਰਸੀ ਦਾ ਵਾਰਤਕ-ਪੈਰਾ ਦਿਤਾ ਹੈ । ਭਾਵੇਂ ਉਲਥਾਕਾਰ ਨੇ ਇਨ੍ਹਾਂ ਪੈਰਿਆਂ ਦਾ ਉਲਥਾ ਕਰਦਿਆਂ ਇਨ੍ਹਾਂ ਦੀ ਪੂਰੀ ਇਬਾਰਤ ਨਹੀਂ ਦਿਤੀ, ਪ੍ਰੰਤੂ ਇਨ੍ਹਾਂ ਫ਼ਾਰਸੀ-ਵਾਰਤਕ-ਪੈਰਿਆਂ ਵਿਚ ਵੀ ਇਕ ਅਲੌਕਿਕ ਰਸ-ਭਿੰਨਾ ਸੁਆਦ ਹੈ, ਜੋ ਪੜ੍ਹੇ-ਵਿਚਾਰੇ 'ਤੇ ਮਾਣਿਆ ਜਾ ਸਕਦਾ ਹੈ । ਨਮੂਨੇ ਵਜੋਂ ਪਹਿਲੇ ਪੈਰੇ ਦਾ ਇਕ ਭਾਗ ਹੀ ਪੇਸ਼ ਕੀਤਾ ਜਾਂਦਾ ਹੈ :—

ਸਲਤਨਤਿ ਅਵਲਸ਼ ਫ਼ਰੋਗ਼ਿ ਅਨਵਾਰਿ ਹਕੁਲ ਸੁਬਹਾਂ; ਵ ਲਾਮਿਆ ਅਫ਼ਰੋਜ਼ਿ ਇਲਮਿ ਹੱਕੋ ਈਕਾਂ; ਅਲਮ ਫ਼ਰਾਜ਼ਿ ਦਵਾਮ ਆਗਾਹੀ, ਵ ਜ਼ੁਲਮਤ ਬਰ ਅੰਦਾਜ਼ਿ ਜ਼ਲਾਲਤੋ ਗੁਮਰਾਹੀ। ਸਰਾ ਤਾ ਲਾਮਕਾਂ ਗ਼ਾਸ਼ੀਆ-ਬਰ-ਦੋਸ਼ਿ ਫ਼ਰਮਾਨਸ਼ ਵ ਅਜ਼ ਲਾਹੂਤ ਤਾ ਨਾਸੂਤ ਖ਼ਾਕ ਨਸ਼ੀਨਿ ਆਸਤਾਨਸ਼ । ਵਾਸਫ਼ਸ਼ ਖ਼ੁਦ ਹੱਕੁਲ ਮੁਤਆਲ, ਵ ਤਾਲਿਬਸ਼ ਖ਼ੁਦ ਜ਼ਾਤਿ ਲਾਯਜ਼ਾਲ ।

# ਜਾਣ-ਪਛਾਣ

'ਕੋਮਲ ਕਾਵਿ-ਕਲਾ ਵਿਚ ਆਇਆ ਗੰਜ ਨਾਮਾ' ਪ੍ਰੇਮੀ-ਪਾਠਕਾਂ ਦੀ ਸੇਵਾ ਵਿਚ ਸਮਰਪਤ ਹੈ। ਇਸ ਵਿਚ ਮੂਲ-ਸਮੱਗ੍ਰੀ ਭਾਈ ਨੰਦ ਲਾਲ ਸਿੰਘ ਜੀ 'ਗੋਯਾ' ਜੀ ਦੀ ਕ੍ਰਿਤ ਗੰਜ-ਨਾਮਾ ਹੈ । ਇਸ ਕੋਮਲ ਜੀ ਵਲੋਂ ਵਿਚ ਉਸ ਫ਼ਾਰਸੀ ਕ੍ਰਿਤ ਨੂੰ ਗੁਰਮੁਖੀ ਅੱਖਰਾਂ ਵਿਚ ਪੇਸ਼ ਕਰ ਕੇ, ਨਾਲ ਨਾਲ ਹੀ ਪੰਜਾਬੀ-ਕਾਵਿ ਵਿਚ ਉਲਥਾਇਆ ਗਿਆ ਹੈ। ਅਖੰਡ ਕੀਰਤਨੀ ਜਥੇ ਦੇ ਪ੍ਰਸਿੱਧ ਰੁਕਨ ਭਾਈ ਸੂਰਤ ਸਿੰਘ (ਪੂਰਨ ਜੀ) ਦੇ ਵਡੇ ਭਰਾਤਾ ਭਾਈ ਹਰਨਾਮ ਸਿੰਘ ਜੀ ਕੋਮਲ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਇਤਨੇ ਨਿਕਟਵਰਤੀ ਸਨ ਕਿ ਭਾਈ ਸਾਹਿਬ ਦੀ ਲਿਖਤ ਵਿਚ ਸਹਿਵਨ ਹੀ ਕੋਮਲ ਜੀ ਦਾ ਜ਼ਿਕਰ ਆ ਗਿਆ ਹੈ।

'ਗੋਯਾ' ਜੀ ਦਸਮ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੇ ਬਵੰਜਾ ਕਵੀਆਂ ਵਿਚੋਂ ਸ਼੍ਰੋਮਣੀ ਅਰਬੀ ਫ਼ਾਰਸੀ ਦੇ ਵਿਦਵਾਨ ਕਵੀ ਸਨ। ਆਪ ਜੀ ਦੀ ਵਿਦਵਤਾ ਵਿਵਾਦ-ਰਹਿਤ, ਮੰਨੀ-ਪ੍ਰਮੰਨੀ ਅਤੇ ਲਾ-ਮਿਸਾਲ ਹੁੰਦੀ ਹੋਈ ਕਮਾਲ ਦੇ ਸਿਖਰ 'ਤੇ ਜਾ ਪਹੁੰਚਦੀ ਹੈ। ਉਹ ਆਲਿਮ ਬਾ-ਅਮਲ ਸਨ। ਗੁਰਮਤਿ ਵਿਚ ਪੂਰਨ ਸ਼ਰਧਾ ਤੇ ਸਿਦਕ ਵਾਲੇ, ਸੇਵਾ ਤੇ ਸਿਮਰਨ ਦੀ ਮੂਰਤ ਹੁੰਦੇ ਹੋਏ, ਕੀ ਮਜਾਲ ਕਿ ਆਪਾ ਜਣਾਅ ਜਾਣ। ਇਹੋ ਕਾਰਨ ਸੀ ਕਿ ਕਲਗੀਧਰ ਦਸਮ ਪਾਤਸ਼ਾਹ ਆਪ ਜੀ 'ਤੇ ਅਤਿਅੰਤ ਪ੍ਰਸੰਨ ਸਨ। ਪ੍ਰੇਮਾ-ਭਗਤੀ ਨਾਲ ਭਰਪੂਰ ਆਪ ਦੀ ਫ਼ਾਰਸੀ ਰਚਨਾ ਸਤਿਗੁਰੂ ਸਿਖ ਸੰਗਤਾਂ ਵਿਚ ਅਰਥ-ਵਿਆਖਿਆ ਸਹਿਤ ਸੁਣਵਾਇਆ ਕਰਦੇ ਸਨ। ਗੁਰਬਾਣੀ ਤੋਂ ਹੇਠਾਂ ਜੇ ਕੋਈ ਬਾਣੀ ਗੁਰੂ-ਘਰ ਵਿਚ ਗਾਈ ਜਾ ਸਕਦੀ ਹੈ, ਤਾਂ ਉਹ ਹੈ ਕੇਵਲ ਭਾਈ ਗੁਰਦਾਸ

ਜੀ ਅਤੇ ਭਾਈ ਨੰਦ ਲਾਲ ਸਿੰਘ 'ਗੋਯਾ' ਦੀ ਸਿਦਕ-ਭਿੰਨੀ ਰਚਨਾ।

ਹਥਲਾ ਕਿਤਾਬਚਾ 'ਗੰਜ-ਨਾਮਾ' ਗੋਯਾ ਜੀ ਦੀ ਇਕ ਅਨੂਪਮ ਰ ਹੈ। 'ਗੰਜ-ਨਾਮਾ' ਕੀ ਹੈ ? ਗੰਜ ਦੇ ਅਰਥ ਹਨ, ਖਜ਼ਾਨਾ ਅਤੇ ਨ ਦੇ ਅਰਥ ਹਨ ਪਤਰ, ਲਿਖਿਆ ਹੋਇਆ ਸੰਦੇਸ਼ ਜਾਂ ਚਿੱਠੀ। ਸੋ 'ਗੰਜ-ਨਾ 'ਗੋਯਾ' ਜੀ ਦੀ ਉਹ ਲਿਖਤ ਹੈ, ਜਿਸ ਵਿਚ ਉਨ੍ਹਾਂ ਨੇ ਦਸ ਗੁਰੂ ਸਾਹਿਬ ਦਾ ਸਿਫ਼ਤ-ਖ਼ਜ਼ਾਨਾ ਰੂਪੀ ਸਮੁੰਦਰ ਇਸ ਸੰਖੇਪ ਲਿਖਤ ਰੂਪੀ ਕੁੱਜੇ ਅੰ ਸਮੋ ਕੇ ਪੇਸ਼ ਕਰਨ ਦੀ ਕਰਾਮਾਤ ਕਰ ਵਿਖਾਈ ਹੈ। ਇਸ ਵਿਚ ਕੁਲ ੧ ਅੰਕ ਹਨ। ਹਰ ਅੰਕ ਦੇ ਪਿੱਛੇ ਗੁਰਬਾਣੀ ਦੇ ਭਾਵਾਂ ਅਤੇ ਗੁ ਇਤਿਹਾਸ ਦੇ ਬੇ-ਬਹਾ ਦਰਿਆ ਉਛਾਲੇ ਮਾਰ ਰਹੇ ਹਨ। ਇਨ੍ਹਾਂ ਦਾ ਪਾ ਅਨੁਭਵ ਤੇ ਅਨੁਰਾਗ ਸੇਤੀ ਕੀਤਾ, ਦਰੀਆਵਾਂ ਸਿਉ ਦੋਸਤੀ ਨਿਬੜਦਾ ਹੈ। ਇਹ ਪਾਠ ਇਕ ਅਜਬ ਤੁਅਜਬ ਭਰਿਆ ਵਿਸਮਾ ਖਿੜਾਉ, ਸਤਿ, ਸੁਹਾਣ ਤੇ ਚਾਉ ਪੈਦਾ ਕਰਦਾ ਹੈ, ਮਨ ਤੇ ਮੁਖ ਵਿ ਸੱਚਾ ਨਾਉ ਚਲਾ ਦਿੰਦਾ ਹੈ।

ਪਹਿਲੇ ਗਿਆਰਾਂ ਅੰਕਾਂ ਵਿਚ ਗੁਰੂ-ਮਹਿਮਾ ਮਈ ਕੀਰਤੀ ਨਿਰੂਪ ਕਰਦਿਆਂ ਗੁਰੂ ਧਾਰਨ ਕਰਨ ਦੀ ਲੋੜ ਨੂੰ ਅਨਿਵਾਰੀਯ ਦਰਸਾਇਅ ਹੈ। ਇਹ ਸਾਰੇ ਸ਼ਿਅਰ ਸ੍ਰੀ ਆਸਾ ਜੀ ਦੀ ਵਾਰ ਦੇ ਪਹਿਲੇ ਤਿੰਨ ਸਲੋ ਦੀ ਐਨ ਅਰਥ-ਵਿਆਖਿਆ ਹੀ ਹਨ। ਇਥੋਂ ਤਕ ਪਹੁੰਚਿਆਂ ਹੀ ਪ੍ਰ ਹੋ ਜਾਂਦਾ ਹੈ ਕਿ 'ਗੋਯਾ' ਜੀ ਗੁਰਬਾਣੀ ਦੇ ਭਾਵਾਂ ਵਿਚ ਓਤ ਪ੍ਰੋਤ ਹਨ ਵਿਆਖਿਆ ਜਿਥੇ ਸੰਖੇਪ ਹੈ; ਉਥੇ ਇਹ ਸਿਰੇ ਦੀ ਵੀ ਹੈ। ਤੀਜੇ ਬੰ ਵਿਚ 'ਗੋਯਾ' ਜੀ ਨੇ ਗੁਰੂ ਜੀ ਦੀ ਬਖ਼ਸ਼ਸ਼ ਨੂੰ ਖ਼ਾਕੀ ਇਨਸਾਨ ਤੋਂ ਦੇ ਬਣਾ ਕੇ ਉਸਦਾ ਮਰਤਬਾ ਵਧਾਉਣਹਾਰੀ ਦਰਸਾਇਆ ਹੈ। ਉਰਦੂ ਮਸ਼ਹੂਰ ਸ਼ਾਇਰ ਇਕਬਾਲ ਦੀ ਕਲਪਨਾ ਹੈ ਕਿ ਮਨੁੱਖ ਆਪਣੇ ਅਮਲ

ਰਵਾ ਕਰਮਾਂ ਨਾਲ ਆਪਣੀ ਜ਼ਿੰਦਗੀ ਬਣਾਂਦਾ ਜਾਂ ਬਿਗਾੜਦਾ
ਤੇ ਇਸ ਤਰ੍ਹਾਂ ਉਹ ਸੁਰਗ (ਜੱਨਤ) ਜਾਂ ਨਰਕ (ਜਹੱਨਮ) ਦਾ
ਧਿਕਾਰੀ ਬਣਦਾ ਹੈ, ਪ੍ਰੰਤੂ ਗੁਰਮਤਿ ਅਨੁਸਾਰ ਸੱਚੇ ਗੁਰੂ ਦੀ ਕਿਰਪਾ,
ਨ ਵਿਚ ਹੀ ਅਧਿਕਾਰੀ ਪੁਰਸ਼ ਨੂੰ ਫ਼ਰਸ਼ ਤੋਂ ਚੁੱਕ ਕੇ ਅਰਸ਼ ਤੇ ਪੁੱਚਾ
ਦੀ ਹੈ, ਸੁਰਗ ਨਰਕ ਦੀ ਚਾਹਨਾ ਤੇ ਡਰ ਤੋਂ ਮੁਕਤ ਕਰ ਕੇ ਚਰਨ
ਲ ਕੀ ਮਉਜ ਵਿਚ ਮਸਤ ਕਰ ਕੇ ਜੀਵਨ-ਮੁਕਤ ਅਵਸਥਾ ਵਿਚ ਪੁਚਾ
ਦੀ ਹੈ। 'ਖ਼ਾਕ, ਬਾਦ, ਆਤਸ਼ ਔ ਆਬ' ਦੇ ਰਲਾਉ ਤੋਂ ਹੋਂਦ ਵਿਚ
ਈ ਹਸਤੀ ਗੁਰੂ-ਬਖ਼ਸ਼ੇ ਨਾਮ ਦੀ ਮਸਤੀ ਵਿਚ ਦੇਵਾਂ ਦੇ ਰਸ਼ਕ ਕਰਨ-
ਬਣ ਜਾਂਦੀ ਹੈ। ਸਤਸੰਗ ਦੇ ਮੰਡਲ ਵਿਚ ਬੈਠਾ ਸਿਖ ਸੁਬਹ ਸ਼ਾਮ
ਖੰਡੀ ਸੁਖ ਦੇ ਲੁਤਫ਼ ਏਥੇ ਏਸੇ ਧਰਤੀ 'ਤੇ ਮਾਣ ਲੈਂਦਾ ਹੈ। ਏਸ
ਦ ਤੋਂ ਵਾਂਝੇ ਜਾ ਰਹੇ, ਮਾਇਆ-ਮਗਨ ਮਨੁੱਖਾਂ ਦੀ ਭਾਗ-ਹੀਣਤਾ 'ਤੇ
ਆਉਣ ਲੱਗ ਪੈਂਦਾ ਹੈ।

ਹਰ ਵਾਰਤਕ ਪੈਰਾ ਸਪੱਸ਼ਟ ਤੌਰ 'ਤੇ ਦੋ ਹਿਸਿਆਂ ਵਿਚ ਵੰਡਿਆ
ਕਦਾ ਹੈ। ਪਹਿਲੇ ਹਿੱਸੇ ਵਿਚ ਹਰ ਗੁਰੂ-ਵਿਅਕਤੀ ਦੇ ਜੀਵਨ-
ਆਂ ਅਤੇ ਪਰਉਪਕਾਰਾਂ ਦੇ ਆਧਾਰ 'ਤੇ ਰੰਗੀਨ ਤੇ ਹੁਸੀਨ ਇਬਾਰਤ
ਗੁਰੂ-ਮਹਿਮਾ ਪੇਸ਼ ਕਰਕੇ, ਫੇਰ ਓਸੇ ਆਧਾਰ 'ਤੇ ਗੁਰੂ-ਪਾਤਸ਼ਾਹ ਦੇ
ਰ ਨਾਮ ਦੇ ਹਰ ਅੱਖਰ ਰਾਹੀਂ ਓਸ ਪਾਤਸ਼ਾਹੀ ਦੀ ਵਡਿਆਈ
ਈ ਹੈ। ਇਨ੍ਹਾਂ ਫ਼ਾਰਸੀ ਦੇ ਵਾਰਤਕ ਪੈਰਿਆਂ ਵਿਚ ਵੀ ਅਕਹਿ
ਦ ਹੈ, ਜੋ ਸ਼ਰਧਾ ਸੇਤੀ ਪੜ੍ਹੇ ਸੁਣੇ ਤੇ ਮਾਣਿਆ ਜਾ ਸਕਦਾ ਹੈ।

ਕੋਮਲ ਜੀ ਨੇ ਗੰਜ-ਨਾਮੇ ਦੀ ਵਾਰਤਕ ਤੇ ਕਵਿਤਾ ਦੋਹਾਂ ਨੂੰ
ਨੀ ਕਾਵਿ-ਕਲਾ ਰਾਹੀਂ ਉਲਥਾ ਕੇ ਇਸ ਰਚਨਾ ਦੇ ਭਾਵਾਂ ਨੂੰ ਸਾਡੀ
ਵਿਚ ਲਿਆਉਣ ਦਾ ਸਫਲ ਜਤਨ ਕੀਤਾ ਹੈ। ਗੋਯਾ ਜੀ ਨੇ ਜਿਥੇ

ਹਰ ਬੰਦ ਜਾਂ ਸ਼ਿਅਰ ਵਿਚ ਵਖਰਾ ਤੁਕਾਂਤ ਵਰਤਿਆ ਹੈ, ਉਥੇ ਕੋਮਲ ਜੀ ਨੇ ਹਰ ਪਾਤਸ਼ਾਹੀ ਦੇ ਸਿਰਲੇਖ ਹੇਠ ਵਾਰਤਕ ਤੇ ਕਾਵਿ-ਭਾਗ ਲਈ ਅੱਡ ਅੱਡ ਪਰ ਇਕੋ ਤੁਕਾਂਤ ਨੂੰ. ਸਿਵਾਇ ਦਸਵੀਂ ਪਾਤਸ਼ਾਹੀ ਦੇ, ਸਫਲਤਾ ਨਾਲ ਨਿਭਾਇਆ ਹੈ। ਕੋਮਲ ਜੀ ਦਾ ਉਲਥਾ ਜਿਥੇ ਗੋਯਾ ਜੀ ਦੀ ਰਚਨਾ ਨੂੰ ਸਮਝਣ ਵਿਚ ਸਹਾਇਕ ਹੋਵੇਗਾ, ਉਥੇ ਅਲੰਕਾਰਕ ਕਾਵਿ ਦਾ ਸੁਹਜ-ਸੁਆਦ ਪ੍ਰਦਾਨ ਕਰਦਾ ਹੋਇਆ ਦਸ ਗੁਰੂ ਜੋਤਾਂ ਪ੍ਰਤੀ ਆਪਣੀ ਸ਼ਰਧਾਂਜਲੀ ਭੇਟ ਕਰਨ ਦਾ ਸੁਭਾਗ ਬਖਸ਼ੇਗਾ।

ਸਾਡੇ ਸਤਿਕਾਰ ਯੋਗ ਵੀਰ ਹਰਨਾਮ ਸਿੰਘ ਜੀ 'ਕੋਮਲ' ਇਸ ਕਿਤਾਬਚੇ ਦਾ ਹੱਥ-ਲਿਖਤ ਖਰੜਾ ਛਡ ਕੇ ਪਰਲੋਕ ਸਿਧਾਰ ਗਏ ਹੋਏ ਹਨ। ਉਨ੍ਹਾਂ ਦੀ ਧਰਮ-ਪਤਨੀ, ਸਾਡੇ ਸਤਿਕਾਰ ਜੋਗ ਭੈਣ ਬੀਬੀ ਇੰਦਰਜੀਤ ਕੌਰ ਜੀ ਦੀ ਤੀਬਰ ਇੱਛਾ ਸੀ ਕਿ ਕੋਮਲ ਜੀ ਦੇ ਇਸ ਖਰੜੇ ਨੂੰ ਪ੍ਰਕਾਸ਼ਤ ਕਰ ਕੇ ਉਨ੍ਹਾਂ ਦੀ ਸਦੀਵੀ ਯਾਦ ਕਾਇਮ ਕਰਨ ਦੇ ਨਾਲ ਨਾਲ ਦਸ ਗੁਰੂ ਸਾਹਿਬਾਨ ਦੀ ਸ਼ਰਧਾ-ਭਿੰਨੀ ਸਿਫ਼ਤਾਵਲੀ ਦਾ ਪ੍ਰਸ਼ਾਦ ਸੰਗਤ ਤਕ ਪੁਚਾਇਆ ਜਾਏ। ਭੈਣ ਜੀ ਨੇ ਇਸ ਖਰੜੇ ਨੂੰ ਸੰਪਾਦਤ ਕਰਨ ਦੀ ਸੇਵਾ ਦਾਸ ਨੂੰ ਸੌਂਪ ਦਿਤੀ। ਦਾਸ ਨੂੰ ਮੂਲ ਪਾਠ ਦੀ ਘੋਖਵੀਂ ਵਿਚਾਰ ਕਰ ਕੇ ਉਲਥੇ ਦੀ ਸੋਧ ਕਰਨ ਵਿਚ ਕਾਫ਼ੀ ਘਾਲਣਾ ਕਰਨੀ ਪਈ ਹੈ, ਪ੍ਰੰਤੂ ਇਸ ਘਾਲ ਨੂੰ ਸਫਲਾਉਣ ਤੇ ਇਸ ਦੀ ਦਿਖ ਨੂੰ ਸੁੰਦਰ ਬਣਾਉਣ ਦਾ ਸਿਹਰਾ ਭਾਈ ਸੇਵਾ ਸਿੰਘ ਜੀ ਸਿੰਘ ਬ੍ਰਦਰਜ਼ ਵਾਲਿਆਂ ਦੇ ਸਿਰ ਹੈ। ਕੋਮਲ ਜੀ ਦੀ ਕਾਵਿ-ਕਲਾ ਇਸ ਸੋਧੇ ਰੂਪ ਵਿਚ ਸਿਖ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਹੈ।

ਦਾਸ

**ਜਸਵੰਤ ਸਿੰਘ**

ਪ੪੨, ਈਸਟ ਮੋਹਨ ਨਗਰ, ਸ੍ਰੀ ਅੰਮ੍ਰਿਤਸਰ

# ਗੰਜ ਨਾਮਾ

## ਵਾਹਿਗੁਰੂ ਜੀਓਸਤ

ਵਾਹਿਗੁਰੂ ਜੀਉ ਹਾਜ਼ਰ ਨਾਜ਼ਰ ਹੈ ।

ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥
ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ॥੧॥

(ਵਾਰ ਜੈਤਸਰੀ, ਪਉੜੀ ੧੯)

ਦਿਲੋ ਜਾਨਮ ਬ-ਹਰ ਸਬਾਹੋ ਮਸਾ
ਸਰੋ ਫ਼ਰਕਮ ਜ਼ਿ ਰੂਇ ਸਿਦਕੋ ਸਫ਼ਾ ॥੧॥
ਬਾਦ ਬਰ ਮੁਰਸ਼ਦਿ ਤਰੀਕ ਨਿਸਾਰ
ਅਜ਼ ਸਰਿ ਇਜਜ਼ ਸਦ ਹਜ਼ਾਰਾਂ ਬਾਰ ॥੨॥

ਦਿਲ ਮੈਂਡਾ ਏਹ ਜਾਨ ਪਿਆਰੀ,
ਸੀਸ ਸਿਖਰ ਭੀ ਸੌ ਸੌ ਵਾਰੀ,
ਪਾਕ ਸਨਿਮ੍ਰਤ ਭੇਟ ਚੜ੍ਹਾਵਾਂ,
ਮੁਰਸ਼ਦ ਮਾਹੀ ਤੋਂ ਬਲਿਹਾਰੀ ।

ਕਿ ਜ਼ਿ ਇਨਸਾਂ ਮਲਿਕ ਨਮੂਦਸਤ ਊ
ਇਜ਼ਤਿ ਖ਼ਾਕੀਆਂ ਫ਼ਜ਼ੂਦਸਤ ਊ ॥੩॥

ਮਾਨਸ ਤ ਜਿਨਿ ਦੇਵਤੇ ਕੀਏ,
ਖ਼ਾਕੀ ਬੰਦੇ ਨੂਰੀ ਥੀਏ ।

ਖ਼ਾਸਗਾਂ ਜੁਮਲਾ ਖ਼ਾਕਿ ਪਾਇ ਊ
ਹਮਾ ਮਲਕੂਤੀਆਂ ਫ਼ਿਦਾਇ ਊ ॥੪॥

ਖ਼ਾਸੁਲ ਖ਼ਾਸ ਵਡੇ ਮਨੁਖਾ,
ਚਰਨ ਧੂੜ ਤੇਰੀ ਵਡ ਪੁਰਖਾ ।

ਗਰ ਫ਼ਿਰੋਜ਼ਦ ਹਜ਼ਾਰ ਮਿਹਰੋ ਮਾਹ
ਆਲਮੇ ਦਾਂ ਜੁਜ਼ ਊ ਤਮਾਮ ਸਿਆਹ ॥੫॥

ਚੜ੍ਹਨ ਚੰਦ੍ਰਮੇ ਸੂਰ ਹਜ਼ਾਰਾਂ,
ਸਤਿਗੁਰ ਬਾਝੋਂ ਘੋਰ ਅੰਧਾਰਾ।

ਮੁਰਸ਼ਦਿ ਪਾਕ ਨੂਰਿ ਹੱਕ ਆਮਦ
ਜ਼ਾਂ ਸਬੱਬ ਦਰ ਦਿਲਮ ਸਬਕ ਆਮਦ ॥੬॥

ਪਾਕ ਪਵਿਤਰ ਸਤਿਗੁਰੁ ਮੈਂਡਾ,
ਮੁਰਸ਼ਦਿ ਕਾਮਲ, ਨੂਰ ਦਾ ਬੁੱਕਾ।

ਆਂ ਕਸਾਂ ਕਿ ਜ਼ਿ ਓ ਨ ਯਾਦ ਆਰੰਦ
ਸਮਰਾਏ ਜਾਨੋ ਦਿਲ ਬ-ਬਾਦ ਆਰੰਦ ॥੭॥

ਗੁਰੂ ਨ ਚੇਤਨ, ਜਨਮ ਗਵਾਵਣ,
ਨਿਹਫਲ ਜੀਵਨ ਰੋਲੀ ਜਾਵਣ।

ਮਜ਼ਰਾਏ ਪੁਰ-ਸਮਰ ਬ-ਅਰਜ਼ਾਨੀ
ਚੂੰ ਬ-ਬੀਨਦ ਜ਼ਿ ਦੂਰ ਸੈਰਾਨੀ ॥੮॥

ਇਨਬਸਾਤ ਆਇਦਸ਼ ਅਜ਼ਾਂ ਦੀਦਨ
ਬਰ ਸ਼ਤਾਬਦ ਜ਼ਿ ਬਹਿਰਿ ਬਰ-ਚਦੀਨ ॥੯॥*

ਸੈਲਾਨੀ, ਵਾੜੀ ਜਿਉਂ ਦੂਰੋਂ ਤਕੇ,
ਨੱਠੇ ਪਰ ਉਹ ਪਰਸ ਨਾ ਸਕੇ।

ਲੇਕ ਹਾਸਿਲ ਨਿਆਰਦ ਅਜ਼ ਵੈ ਬਾਰ
ਬਾਜ਼ ਗਰਦਦ ਗੁਰਸਨਾ ਖ਼ਾਰੋ ਨਜ਼ਾਰ ॥੧੦॥

ਲਖ ਯਤਨਾਂ ਕਰ ਓਧਰ ਧਾਵੇ,
ਵਾਂਝਾ ਵੰਞੇ ਖ਼ਾਲੀ ਆਵੇ।

---

* ਨੋਟ—ਬੰਦ ਨੰ: ੮ ਅਤੇ ੯ ਦਾ ਉਲਥਾ ਦੋ ਲਾਈਨਾਂ ਵਿਚ ਹੀ ਆ ਗਿਆ ਹੈ।

ਗ਼ੈਰ ਸਤਿਗੁਰ ਹਮਾ ਬ-ਦਾਂ ਮਾਨਦ
ਕਿ ਆਂ-ਚੁਨਾਂ ਜ਼ਰਇ ਬਾਰ-ਵਰ ਦਾਨਦ ॥੧੧॥

ਸਤਿਗੁਰ ਬਾਝੋਂ ਸੁੰਞੇ ਸਾਰੇ,
'ਕੋਮਲ' ਸਭ ਪਾਣ ਸਿਰ ਛਾਰੇ।

## ਸਲਤਨਿ ਅੱਵਲ

### ਪਹਿਲੀ ਪਾਤਸ਼ਾਹੀ

ਲਿਤਨਤਿ ਅਵਲਸ਼ ਫ਼ਰੋਗ਼ਿ ਅਨਵਾਰਿ ਹੱਕੁਲ ਸੁਬਹਾਂ...॥੧੨॥

ਸ਼ਾਹਾਂ ਪਾਤਸ਼ਾਹ ਸਤਿਗੁਰੂ ਨਾਨਕ, ਨੂਰ ਰੱਬਾਨੀ ਝਿਮਝਿਮਾਵੇ;
ਸਚਦਾ ਨੰਦ ਪਹਿਲੀ ਪਾਤਸ਼ਾਹੀ, ਗਿਆਨ ਨੂਰਾਨੀ ਛਲਕ ਛਲਕਾਵੇ।
ਝਾਤ ਸੁਹਾਨੀ ਧੁਰ ਦਰਗਾਹੀ, ਗ਼ੈਬ ਨੂੰ, ਪਰਦੇ ਲਾਹ ਦਿਖਾਵੇ,
ਘੋਰ ਅੰਧਾਰੇ ਦੂਰ ਹਟਾਵੇ, ਨੂਰ ਨੂਰਾਨੀ ਝਰਨ ਝਰਨਾਵੇ।
ਦ੍ਰਿਸ਼ਟਮਾਨ ਸਭ ਹੁਕਮੀ ਬੰਦੇ, ਦੈਵ ਅਦੈਵੀ ਅਦ੍ਰਿਸ਼ਟ ਰਹੰਦੇ,
ਖੰਡ ਬ੍ਰਹਮੰਡ, ਜੜ੍ਹ ਤੇ ਚੇਤਨ, ਚਰਨ ਧੂੜ ਦੀ ਲੋਚ ਲੋਚਾਵੇ।
ਆਪੂੰ ਪਰਮ ਰੂਪ ਪਰਮੇਸ਼ਰ, ਸਿਫ਼ਤ ਸਲਾਹਣ ਤੇਰੀ ਗਾਵੇ:
'ਨੈਣ-ਸਲੋਨੇ ! ਧੰਨ ਗੁਰੂ ਨਾਨਕ !' ਲੋਚਨ ਤਾਰ ਲਲਤਾ ਬਿਲਲਾਵੇ।
ਚਾਰੇ ਵੇਦ ਤੇ ਛੇਇ ਸ਼ਾਸਤ੍ਰ, ਪਾਵਨ ਪੁਰਸ਼ ਕੀਰਤੀ ਗਾਵਨ,
ਕੁਸਮ-ਬਸੰਤੀ ਗਣਤ ਨ ਆਵੇ, ਮਹਿਮਾ ਦਾ ਪਰ ਪਾਰ ਨਾ ਪਾਵੇ।
ਤੇਰੇ ਨੂਰ ਨੂਰਾਨੀ ਝੰਡੇ ਤਾਬੇ, ਦੋਵੇਂ ਆਲਮ ਕਰਨ ਸਲਾਮਾਂ;
ਤੇਰਾ ਸ਼ਬਦ-ਇਲਾਹੀ ਤੇਜ-ਪੁੰਜ ਹੈ, ਲਟ ਲਟ ਜਗਦੀ ਜੋਤਿ ਸੁਹਾਵੇ।
ਨੂਰ ਨੂਰਾਨੀ ਨਾਨਕ ਬਾਝੋਂ, ਅੰਧ ਅੰਧਾਰੇ ਘਬ ਮੁਹਾਵੇ,
ਝਿਲਮਿਲ ਝਲਕ ਗੁਰਾਂ ਦੀ ਸਾਹਵੇਂ, ਸੌ ਸੌ ਭਾਨ-ਪ੍ਰਭਾ ਸ਼ਰਮਾਵੇ।
ਤੇਰੀ ਹੀ ਜ਼ਾਤ ਪਾਪੀਆਂ ਉਤੇ, ਸਦਾ ਸਦਾ ਰਹਿਮਤ ਵਰਸਾਵੇ,
ਦੋਹਾਂ ਜਹਾਨਾਂ ਗੁਰੂ ਸਦਾਵੇਂ, ਤੇਰੇ ਬਚਨ ਅਨੂਪ ਸੁਹਾਵੇ।

ਸਚਖੰਡੀ ਦਰਬਾਰ ਦੇ ਵਾਸੀ, ਤਖ਼ਤ ਸਚਾਵੇ ਖ਼ਾਸ ਨਿਵਾਸੀ
ਤੈਂ ਧੂੜੀ ਨੂੰ ਪਰਸਨ ਖ਼ਾਤਰ, ਹੁੱਬ ਹੁਲਸਾਵਨ, ਜੀਅ ਤਰਸਾਵੇ
ਅਰਸ਼ੀ ਸੁਰ ਨਰ ਦੇਵ ਪਵਿਤਰ, ਤੇਰੀ ਤਾਬੇ ਹੈਨ ਬਚਿਤਰ
ਹੋ ਗੁਲਮ ਗੁਲਾਮੀ. ਕਰਨ ਸਲਾਮੀ, ਅਰਸ਼ੀ ਦਾਤਾ ਮੇਹਰ ਵਸਾਵੇ
ਨਾਨਕ ਨਾਮ ਦੇ ਦੋਵੇਂ ਨੰਨੇ, ਨਿਆਮਤਾਂ ਦਾਤੇ ਅਸਾਂ ਨੇ ਮੰਨੇ
ਦਾਤਿ ਜੋਤਿ ਸਹਾਈ ਦੋਵੇਂ ਐਸੀ ਸੋਹਣੀ ਨਦਰ ਨਦਰਾਵੇ
ਨਿਰੰਕਾਰੀ ਨਾਮ ਦਾ ਵਿਚਲਾ ਕੰਨਾ, ਅੱਵਲ ਅੱਲਾ ਨੂਰ ਉਪੰਨਾ
'ਕੋਮਲ' ਕਾਮਲ ਗੁਰੂ ਸਮਰੱਥਾ, ਕੱਕਾ ਅੱਖਰ ਇਹ ਦਰਸਾਵੇ
ਦਰਵੇਸ਼ਾਂ ਦੇ ਸ਼ਾਹ ਦਰਵੇਸ਼ਾ, ਸਾਹਿਬਿ ਕਾਮਲ ਸਭ ਪ੍ਰਵੇਸ਼ਾ
ਦੋਵੇਂ ਆਲਮ ਝੁਕ ਝੁਕ ਜਾਵਨ "ਤੇਰੀ ਉਪਮਾ ਤੋਹਿ ਬਨਿ ਆਵੈ ।

ਵਾਹਿਗੁਰੂ ਜੀਓਸਤ ।

ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ ।

**ਨਾਮਿ ਊ ਸ਼ਾਹਿ ਨਾਨਕ ਹੱਕ ਕੇਸ਼**
**ਕਿ ਨਆਇਦ ਚੁਨੂੰ ਦਿਗਰ ਦਰਵੇਸ਼ ॥੧੩॥**

ਉਹ ਲਾਸਾਨੀ ਮੇਹਰ ਸਮੁੰਦਰ, ਸੱਚ ਧਰਮ ਦਾ ਮਾਹ ਗੁਰੂ,
ਰੱਬ ਫ਼ਕੀਰ ਉੱਚ ਅਗੰਮੜਾ, ਨਾਮ ਹੈ ਨਾਨਕ ਸ਼ਾਹ ਗੁਰੂ ।

**ਫ਼ਕਰੇ ਊ ਫ਼ਕਰ ਰਾ ਸਰ-ਫ਼ਰਾਜ਼ੀ**
**ਪੇਸ਼ਿ ਊ ਕਾਰਿ ਜੁਮਲਾ ਜਾਂ-ਬਾਜ਼ੀ ॥੧੪॥**

ਦਰਵੇਸ਼ੀ ਨੂੰ ਚਾਰ ਚੰਨ ਲਾਵੇ, ਵਾਹੁ ਵਾਹੁ ਹੈ ਵਾਹ ਗੁਰੂ,
ਸਦ ਕੁਰਬਾਨੇ ਖੰਨੀਏ ਥੀਵਨ; ਕਾਰ ਸੁਹਾਵੇ ਸਭਨਾਂਹ ਗੁਰੂ ।

**ਤਾਲਿਬੇ ਖ਼ਾਕਿ ਊ ਚਿਹ ਖ਼ਾਸੋ ਚਿਹ ਆਮ**
**ਚਿਹ ਮਲਾਇਕ ਚਿਹ ਹਾਜ਼ਰਾਨਿ ਤਮਾਮ ॥੧੫॥**

ਖ਼ਾਸਪੁਰਖ ਅਰ ਸਰਬ ਸਧਾਰਨ, ਚਰਨ ਧੂੜ ਦੀ ਚਾਹ ਗੁਰੂ;
ਦ੍ਰਿਸ਼ਟ ਅਦ੍ਰਿਸ਼ਟ ਸੁਰਦੇਵ ਮਨੁਖਾ ਸੀਨੇ ਇਕ ਉਮਾਹ ਗੁਰੂ ।

ਹੱਕ ਚੂੰ ਖ਼ੁਦ ਵਾਸਿਫ਼ਸ਼ ਚਿਹ ਗੋਇਮ ਮਨ
ਦਰ ਰਹਿ ਵਸਫ਼ਿ ਊ ਚਿਹ ਪੋਇਮ ਮਨ ॥੧੬॥

ਕਰਤਾ ਪੁਰਖ ਜੇ ਆਪ ਸਲਾਹੇ ਤੈਨੂੰ ਨਾਨਕ ਸ਼ਾਹ ਗੁਰੂ,
ਖ਼ਾਕੀ ਬੰਦਾ ਕੀ ਗੁਣ ਦਸੇ ਤੇਰੇ ਅਗੰਮ ਅਥਾਹ ਗੁਰੂ ।

ਸਦ ਹਜ਼ਾਰਾਂ ਮੁਰੀਦਸ਼ ਅਜ਼ ਮਲਕੂਤ
ਸਦ ਹਜ਼ਾਰਾਂ ਮੁਰੀਦਸ਼ ਅਜ਼ ਨਾਸੂਤ ॥੧੭॥

ਲਖਾਂ ਫ਼ਰਿਸ਼ਤੇ ਪਾਣੀ ਭਰਦੇ ਸਭਨਾਂ ਸਿਰ ਪਾਤਸ਼ਾਹ ਗੁਰੂ,
ਸਦ ਹਜ਼ਾਰਾਂ ਸਭ ਚਰਾਚਰ ਸ਼ਿਸ਼ਾਂ ਦੇ ਗ਼ਮ-ਖ਼ਾਹ ਗੁਰੂ ।

ਹਮਾ ਜਬਰੂਤੀਆਂ ਫ਼ਿਦਾਇ ਊ
ਹਮਾ ਲਾਹੂਤੀਆਂ ਬ-ਪਾਇ ਊ ॥੧੮॥

ਨੂਰ ਵਿਗਾਸੀ ਤੇਜ ਪ੍ਰਕਾਸ਼ੀ, ਸਦਕੇ ਥੀਵਨ ਵਾਹ ਗੁਰੂ,
ਪ੍ਰਗ ਖਲੋਤੇ ਨੂਰ ਪਰੋਤੇ, ਚਰਨੀਂ ਹੋਣ ਫ਼ਿਦਾ ਗੁਰੂ ।

ਹਮਾ ਨਾਸੂਤੀਆਂ ਮਲਾਇਕ ਜ਼ਿ ਓ
ਜਲਵਾ-ਅਸ਼ ਦਾਂ ਬ-ਤਹਿਤੋ ਫ਼ੌਕ ਨਿਕੋ ॥੧੯॥

ਤ੍ਵ-ਪ੍ਰਸਾਦਿ ਨਰ ਦੇਵਤੇ ਹੋ ਗਏ, ਨੂਰ ਪ੍ਰਗਾਸੀ ਮਾਹ ਗੁਰੂ,
ਤੇਰਾ ਹੀ ਪ੍ਰਗਾਸ ਉਜੀਆਰਾ, ਹੇਠਾਂ ਅਤੇ ਉਤਾਂਹ ਗੁਰੂ ।

ਜਾ-ਨਸ਼ੀਨਾਨਿ ਊ ਅਜ਼ ਊ ਫ਼ਾਇਕ
ਜ਼ਿਕਰੋ ਤੌਸੀਫ਼ਿ ਜ਼ਾਤ ਰਾ ਲਾਇਕ ॥੨੦॥

ਇਕ ਦੂੰ ਇਕ ਸੁਹਾਣੇ ਸੁੰਦਰ, ਤੇਰੇ ਸਿਖ, ਪਾਤਸ਼ਾਹ ਗੁਰੂ ।
ਗੁਣਾਂ ਸਮੁੰਦਰ ਪਹੁੰਚ ਦੇ ਅੰਦਰ, ਕੀਤਾ ਤੈਂ ਹੀ, ਵਾਹ ਗੁਰੂ ।

ਅਬਦ ਆਬਾਦ ਕਦਰੋ ਜਾਹੋ ਨਿਸ਼ਾਂ
ਬਰ ਅਫ਼ਰਾਜ਼ਦ ਜ਼ਿ ਯਕ ਦਿਗਰ ਸੁਬਹਾਂ ॥੨੧॥

ਉਨ੍ਹਾਂ ਵਡਿਆਈ ਚੜ੍ਹੇ ਸਵਾਈ, ਸਦਕੇ ਸੱਚ ਪਾਤਸ਼ਾਹ ਗੁਰੂ ।
ਚੜ੍ਹੇ ਸਵਾਇਆ ਨਿਤ ਨਿਤ ਰੰਗਾ, ਬਖ਼ਸ਼ੀਂ ਮੁੱਚ ਉਮਾਹ ਗੁਰੂ ।

ਮੁਰਸਦੁਲ-ਆਲਮੀਂ ਸ਼ੁਦਸ਼ ਚੂੰ ਖ਼ਿਤਾਬ
ਅਜ਼ ਅਨਾਯਾਤਿ ਹਜ਼ਰਤਿ ਵਹਾਬ ॥੨੨॥
ਧੁਰ ਦਰਗਾਹੋਂ ਕੁਲ ਆਲਮ ਦਾ ਤੈਨੂੰ ਮੁਰਸ਼ਿਦ ਲਿਆ ਟਿਕਾ ਗੁਰੂ,
ਰਹਿਮਤ ਸੰਦਾ ਇਹ ਮਰਤਬਾ, ਬਖ਼ਸ਼ਿਆ ਖ਼ੁਦ ਖ਼ੁਦਾ ਗੁਰੂ ।

ਗੁਫ਼ਤ, ਮਨ ਬੰਦਾ ਓ ਗ਼ੁਲਾਮਿ ਤੂ ਅਮ
ਖ਼ਾਕਿ ਅਕਦਾਮਿ ਖ਼ਾਸੋ ਆਮਿ ਤੂ ਅਮ ॥੨੩॥
ਗਰੀਬੀ ਗਦਾ ਧਾਰ ਕੇ ਬੋਲੇ, ਮਿਠੜੇ ਨਾਨਕ ਸ਼ਾਹ ਗੁਰੂ !
'ਦਾਸਨ ਦਾਸ ਆਮ ਖ਼ਾਸ ਦਾ, ਰੇਣ ਥੀਆਂ ਸਭਨਾਂਹ, ਗੁਰੂ !'

"ਬਾਜ਼ ਚੂੰ ਹਮਚੁਨੀਂ ਖ਼ਿਤਾਬ ਆਮਦ
ਮੁਤਵਾਤਿਰ ਚੁਨੀਂ ਜਵਾਬ ਆਮਦ ॥੨੪॥
ਕੁਲ ਆਲਮ ਦੇ ਮੁਰਸ਼ਦ ਵਾਲਾ, ਖ਼ਿਤਾਬ ਦਿੱਤਾ ਫਿਰ ਵਾਹ-ਗੁਰੂ ।
ਫਿਰ ਫਿਰ ਉਹੀ ਅਲਾਪ ਅਲਾਏ, ਸੱਚੇ ਬੇਪ੍ਰਵਾਹ ਗੁਰੂ ।

(ਅਕਾਲ ਪੁਰਖ ਵਾਚ)—
"ਕਿ ਮਨਮ ਦਰ ਤੂ ਗ਼ੈਰਿ ਤੂ ਕਸ ਨੇਸਤ
ਹਰ ਚਿਹ ਖ਼ਾਹਮ, ਕੁਨਮ, ਹਮਾਂ ਅਦਲੇ ਸਤ ॥੨੫॥
"ਮੇਰਾ ਵਾਸਾ ਤੇਰੇ ਅੰਦਰ, ਬਿਨ ਤੁਧ ਹੋਰ ਨਾ ਜਾ ਗੁਰੂ,
ਜੋ ਮੈਂ ਚਾਹਾਂ ਸੋਈ ਚਾਹੀਏ, ਓਹੋ ਜਾਣ ਰਵਾ ਗੁਰੂ ।

"ਰਾਹਿ ਜ਼ਿਕਰਮ-ਬ-ਆਲਮੇ ਬਿਨੁਮਾ
ਬ-ਹਮ੍ਹਾ ਸ਼ੌ ਜ਼ਿ ਵਸਫ਼ਿ ਮਨ ਗੋਯਾ ॥੨੬॥
ਮੇਰੇ ਸਿਮਰਨ ਦਾ ਰਾਹ ਦਸੀਂ, ਆਲਮ ਦੇ ਸਰਬਰਾਹ ਗੁਰੂ,
ਕੀਰਤਿ ਸਿਰਜਨਹਾਰੀ ਗਾਵੀਂ, ਸਭਨਾਂ ਤਾਈਂ ਅਲਾ ਗੁਰੂ ।

"ਦਰ ਹਮ੍ਹਾ ਜਾ ਪਨਾਹੋ ਯਾਰਿ ਤੂ ਅਮ
ਯਾਵਰੀ ਬਖ਼ਸ਼ੋ ਖ਼ਾਸਤਗਾਰਿ ਤੂ ਅਮ ॥੨੭॥
ਹਰ ਜਾ ਹਰ ਥਾਂ ਰਾਖਾ, ਤੇਰੇ ਸਿਰ ਦਾ ਹਾਂ ਗੁਰੂ,
ਸੰਗਿ ਸਹਾਈ ਛੋਡਿ ਨ ਜਾਈਂ, ਮੈਨੂੰ ਤੇਰੀ ਚਾਹ ਗੁਰੂ ।

"ਹਰ ਕਿ ਨਾਮਿ ਤੂ ਬਰਤਰੀਂ ਦਾਨਦ
ਅਜ਼ ਦਿਲੋ ਜਾਂ ਬ-ਵਸਫ਼ਿ ਮਨ ਖ਼ਾਨਦ ॥੨੮॥

ਤੇਰਾ ਦੀਆ ਨਾਉਂ ਵਖਾਣੇ, ਵੱਡਾ ਕਰ ਮਨ ਮਾਂਹ ਗੁਰੂ,
ਹਿਤੋਂ-ਚਿਤੋਂ ਮੁਰ ਕੀਰਤਿ ਖ਼ਾਤਰ, ਧਰੇ ਜੋ ਨਾਮ ਉਮਾਹ ਗੁਰੂ।

"ਮਨ ਊ ਰਾ ਜ਼ਾਤਿ ਖ਼ੁਦ ਨੁਮਾਇਮ ਬਾਜ਼
ਐਹਦਿ ਮਨ ਸਖ਼ਤ ਗੀਰ ਬਰ ਕੁਨ ਸਾਜ਼ ॥੨੯॥

ਜ਼ਾਤ ਇਲਾਹੀ ਦੇ ਚਮਕਾਰੇ ਉਸਨੂੰ, ਦੇਵਾਂਗਾ ਪ੍ਰਗਟਾ ਗੁਰੂ,
ਬਚਨ ਅਮੋਲਾ ਇਹ ਗਹਿ ਨਾਨਕ, ਲੇਵੋ ਕਮਰ ਕਸਾਂ ਗੁਰੂ।

"ਗਿਰਦਿ ਆਲਮ ਬਰ-ਆ ਵਾ ਹਾਦੀ ਸ਼ੌ
ਕਿ ਜਹਾਂ ਗ਼ੈਰਿ ਮਨ ਨਿਯਰਜ਼ਦ ਜੌ ॥੩੦॥

ਜਗਤ ਗੁਰੂ ਹੋ ਥਾਂ ਥਾਂ ਵਿਚਰੋ, ਦੇਵੋ ਸਚੁ ਦ੍ਰਿੜ੍ਹਾ ਗੁਰੂ,
ਜੌਂ ਦੇ ਭਾੜੇ ਸਾਰੀ ਦੁਨੀਆ, ਆਰਜਾ ਰਹੀ ਵਿਹਾ ਗੁਰੂ।

"ਦਰ ਹਕੀਕਤ ਮਨਮ ਚੂ ਰਾਹਨੁਮਾ
ਤੂੰ ਜਹਾਂ ਰਾ ਬ-ਪਾਇ ਖ਼ੁਦ ਪੈਮਾ ॥੩੧॥

ਅਸਲੂੰ ਜਦ ਆਪ ਹਾਂ ਬਣਿਆ, ਤੇਰਾ ਰਾਹਨੁਮਾ ਗੁਰੂ,
ਚਾਹੀਏ ਸਾਰੀ ਧਰਤੀ ਗਾਹਵੇਂ, ਨਿਜ ਪੈਰੀਂ ਪਾਤਸ਼ਾਹ ਗੁਰੂ।

"ਹਰਿ ਕਿ ਰਾ ਖ਼ਾਹਮ ਵ ਸ਼ਵਮ ਹਾਦੀ
ਅਜ਼ ਤੂ ਦਰ ਦਿਲ ਦਰ-ਆਰਮਸ਼ ਸ਼ਾਦੀ ॥੩੨॥

ਅਮਿਅ-ਦ੍ਰਿਸਟਿ ਕਰਾਂ ਜਿਸ ਉਪਰ, ਸਚ ਉਪਦੇਸ਼ ਸੁਣਾਅ ਗੁਰੂ,
ਤੇਰੇ ਰਾਹੀਂ ਟੱਬ ਉਠਾਵਾਂ, ਬਖ਼ਸ਼ਾਂ ਸਚ ਉਮਾਹ ਗੁਰੂ।

"ਵਾਂ ਕਿ ਗੁਮਰਾਹ ਸਾਜ਼ਮਸ਼ ਜ਼ਿ ਗ਼ਜ਼ਬ
ਨ ਰਸਦ ਅਜ਼ ਹਦਾਇਤਿ ਤੂ ਬ-ਰੱਬ ॥੩੩॥

ਕੋਪਵਾਨ ਹੋਵਾਂ ਜਿਸ ਉਪਰ, ਥੀਸੀ ਉਹ ਗੁਮਰਾਹ, ਗੁਰੂ,
ਬਾਂਸ ਬਜਾਈ ਫੂਕ ਦੇ ਵਾਙੂ, ਸੰਸਾਰ ਤੋਂ ਸੁੰਞਾ ਜਾਹ ਗੁਰੂ।

"ਸ਼ੁਦ੍ਹਾ ਗੁਮਰਾਹ ਆਲਮੇ ਬੇ-ਮਨ
ਸਾਹਿਰਾਂ ਗਸ਼ਤਹ ਅੰਦ ਜਾਦੂਏ ਮਨ ॥੩੪॥
ਆਲਮ ਕੁਲ ਕੁਰਾਹੇ ਪਇਆ, ਮੇਰਾ ਨਾਮ ਭੁਲਾ; ਗੁਰੂ,
ਜਾਦੂਗਰ ਥੀਏ ਨੇ ਸਾਰੇ, ਮੇਰੇ ਚੇਟਕ-ਚਾਹ ਨਰੂ ।
"ਮੁਰਦਗਾਂ ਰਾ ਕੁਨੰਦ ਜ਼ਿੰਦ੍ਹਾ ਹਮੀਂ
ਜ਼ਿੰਦਗਾਂ ਰਾ ਬ-ਜਾਂ ਕੁਸ਼ੰਦ੍ਹਾ ਹਮੀਂ ॥੩੫॥
"ਆਤਿਸ਼ੇ ਰਾ ਕੁਨੰਦ ਆਬ-ਵਸ਼,
ਬਰ ਸਰਿ ਆਬ ਬਰ ਜ਼ਨੰਦ ਆਤਿਸ਼ ॥੩੬॥
ਮੋਏ ਮੜੋਲੇ ਜ਼ਿੰਦਾ ਕਰਦੇ ਜੀਂਦੇ ਕਰਨ ਫ਼ਨਾਹ ਨਰੂ,
ਬਲਦੀ ਅਗਨੀ ਪਾਣੀ ਥੀਵੇ, ਪਾਣੀ ਤੇ ਅੱਗ-ਲਾ ਨਰੂ ।
"ਹਰ ਚਿਹ ਖ਼ਾਹੰਦ ਮੇ-ਕੁਨੰਦ ਹਮਾਂ
ਜੁਮਲਾ ਜਾਦੂ ਫ਼ਨ ਅੰਦ ਬਰ ਸਾਮਾਂ ॥੩੭॥
ਨਾਟਕ ਚੇਟਕ ਕਰਨ ਕੁਕਾਜਾ, ਮਨ ਮਰਜ਼ੀ ਨਿਜ ਚਾਹ ਨਰੂ,
ਰਿਧੀਆਂ ਸਿੱਧੀਆਂ ਦੇ ਮਤਵਾਲੇ, ਇਹ ਸਾਰੇ ਗੁਮਰਾਹ ਨਰੂ ।
"ਰਾਹਿ ਸ਼ਾਂ ਰਾ ਨੁਮਾ ਬ-ਸੂਏ ਮਨ
ਕਿ ਪਜ਼ੀਰੰਦ ਗੁਫ਼ਤਗੂਏ ਮਨ ॥੩੮॥
ਸਭਨਾਂ ਨੂੰ ਮੁਰ ਰਾਹੇ ਤੋਰੇ, ਸਭਨਾ ਹੋ ਖ਼ੈਰ-ਖ਼ਾਹ ਗੁਰੂ,
ਸਿਮਰਨ ਕੀਰਤਿ ਮਮ ਸਾਚੀ ਨੂੰ ਗਾਵਨ ਕਰ ਉਤਸ਼ਾਹ ਨਰੂ ।
"ਗ਼ੈਰ ਜ਼ਿਕਰਮ ਬ-ਜਾਦੂਏ ਨ-ਰਵੰਦ
ਜਜ਼ ਦਰਿ ਮਨ ਬ-ਜਾਨਬੇ ਨ-ਰਵੰਦ ॥੩੯॥
ਰਿਧਿ ਸਿਧ ਨ ਧਾਵਨ ਲੋਕੀ, ਸਿਮਰਨ ਵਿਚ ਸਮਾ ਨਰੂ,
ਮਮ ਦੁਆਰ ਛਡਿ ਜਾਣ ਨ ਕਿਧਰੇ, ਐਸੀ ਚੇਟਕ ਲਾ ਗੁਰੂ ।
"ਕਿ ਜ਼ਿ ਦੋਜ਼ਖ਼ ਸ਼ਵੰਦ ਰੁਸਤਹ ਹਮੇ
ਵਰਨਾ ਉਫ਼ਤੰਦ ਦਸਤ ਬਸਤਹ ਹਮੇ ॥੪੦॥
ਘੋਰ ਨਰਕ ਤੋਂ ਪਾਣ ਖਲਾਸੀ, ਐਸੀ ਬੂਝ ਬੁਝਾ ਗੁਰੂ,
ਹੱਥ-ਬੰਨ੍ਹੇ ਨਰਕਾਂ ਵਿਚ ਪੈਸਣ, ਵਰਨਾ ਸਭ ਗੁਮਰਾਹ ਨਰੂ ।

"ਕਾਫ਼ ਤਾ ਕਾਫ਼ ਆਲਮੇ ਜੁਮਲਾ
ਦਾਅਵਤ ਆਮੋਜ਼ੋ ਜ਼ਾਲਮੇ ਜੁਮਲਾ ॥੪੧॥

ਸਭ ਸੰਸਾਰ ਚੜ੍ਹਾ ਦੇ ਬੇੜੇ, ਭੈਜਲ ਪਾਰ ਲੰਘਾ ਗੁਰੂ,
ਜ਼ੁਲਮ ਹਨੇਰ ਦੀ ਮੱਤੀ ਸਾਰੀ. ਸ੍ਰਿਸ਼ਟੀ ਰਹੀ ਬੁਲਾ ਗੁਰੂ ।

"ਰੰਜੋ ਫ਼ਰਹਤ ਜ਼ਿ ਮਨ ਨਮੀ ਦਾਨੰਦ,
ਹਮ੍ਹਾ ਅਜ਼ ਗ਼ੈਰਿ ਮਨ ਪਰੇਸ਼ਾਨੰਦ ॥੪੨॥

ਖ਼ੁਸ਼ੀ ਗ਼ਮੀ ਦਾ ਕਾਰਨ ਮੈਨੂੰ, ਮੂਲੋਂ ਜਾਣਨ ਨਾਹ ਨਰੂ,
ਆਨੰਦ ਰੂਪ ਤੋਂ ਸੁੰਞੇ ਸਾਰੇ, ਬੌਰੇ ਫਿਰਨ ਹੇਠਾਂਹ ਨਰੂ ।

"ਅੰਜੁਮਨ ਮੇ-ਕੁਨੰਦ ਵ ਅਜ਼ ਅੰਜੁਮ
ਬਰ ਸ਼ੁਮਾਰੰਦ ਰੋਜ਼ਿ ਸ਼ਾਦੀ ਓ ਗ਼ਮ ॥੪੩॥

'ਕੱਠੇ ਬਹਿ ਬਹਿ ਨਰੂ ਨਕਾਰੇ, ਤਾਰੇ ਤਕਣ ਅਥਾਹ ਨਰੂ,
ਖੁਸ਼ੀ ਗਮੀ ਦੇ ਦਿਨ ਗਿਣਵਾਉਂਦੇ,ਤਕ ਅਸਮਾਨੀ ਰਾਹ ਨਰੂ ।

"ਬਰ-ਨਿਗਾਰੰਦ ਨਹਸ ਵ ਸਾਅਦ ਹਮੇ
ਬਾਜ਼ ਗੋਇੰਦ ਕਬਲ ਵ ਬਾਅਦ ਹਮੇ ॥੪੪॥

ਤਾਰਿਆਂ ਲੇਖੇ ਲਿਖ ਲਿਖ ਉਲਝਣ, ਚੰਗੇ ਮੰਦੇ ਸਾਹ ਨਰੂ,
ਭੂਤ ਭਵਿਖ ਹਵਾਲ ਅਲਾਵਣ, ਮਨ ਪਰਚੇ ਪਰਚਾ ਨਰੂ ।

"ਨੇਸਤ ਸ਼ਾਂ ਰਾ ਬ-ਜ਼ਿਕਰ ਇਸਤਕਲਾਲ
ਕਾਲ ਦਾਨੰਦ ਜੁਮਲਗਾਂ ਬੇਹਾਲ ॥੪੫॥

ਦ੍ਰਿੜ੍ਹਤਾ ਸਿਮਰਨ ਉਪਰ ਨਾਹੀ, ਅਸਲੋਂ ਘੁਥੇ ਰਾਹ ਨਰੂ,
ਗੱਲੀਂ ਗੱਲਾਂ ਜਾਣਨ ਸਾਰੇ, ਚੈਨ ਉਨ੍ਹਾਂ ਨੂੰ ਨਾਂਹ ਗੁਰੂ ।

"ਰੂ ਨੁਮਾ ਜੁਮਲਾ ਰਾ ਸੂਇ ਫ਼ਿਕਰਮ
ਕਿ ਨ-ਦਾਰੰਦਦੋਸਤ ਜੁਜ਼ਜ਼ਿਕਰਮ ॥੪੬॥

ਗੁਰਮੁਖਿ ਸਿਮਰਨ ਵਾਲਾ ਰਸਤਾ, ਸਭਨਾਂ ਨੂੰ ਸਿਖਲਾ ਗੁਰੂ,
ਨਾਮ ਬਿਨਾਂ ਕੋਈ ਸੰਗ ਸਹਾਈ, ਹਰਗਿਜ਼ ਜਾਣਨ ਨਾਂਹ ਨਰੂ ।

"ਤਾ ਹਮ੍ਾ ਕਾਰਿ ਸ਼ਾਂ ਨਿਕੋ ਸਾਜ਼ਮ
ਖ਼ਾਤਰਿ ਸ਼ਾਂ ਜ਼ਿ ਨੂਰ ਬਿਤਰਾਜ਼ਮ ॥੪੭॥

ਸਭੇ ਕਾਜ ਸੁਹੇਲੜੇ ਥੀਵਨ, ਮੇਰੇ ਮਨ ਦੀ ਚਾਹ, ਗੁਰੂ ।
ਇਹਨਾਂ ਹਿਰਦੇ ਨੂਰੀ ਕਰਦਿਆਂ, ਤੁਠੇਂ ਜੇ ਪਾਤਸ਼ਾਹ ਗੁਰੂ ।

"ਮਨ ਤੁਰਾ ਆਫ਼ਰੀਦਮ ਅਜ਼ ਪਏ ਆਂ
ਕਿ ਸ਼ਵੀ ਰਹਨੁਮਾ ਬ-ਜੁਮਲਾ ਜਹਾਂ ॥੪੮॥

ਤੈਨੂੰ ਆਖਾਂ ਏਸੇ ਕਾਰਣ, ਸੰਸਾਰੇ ਵਿੱਚ ਜਾਹ; ਗੁਰੂ ।
ਕੁਲ ਆਲਮ ਨੂੰ ਰਾਹ ਵਿਖਾ ਦੇ, ਆਗੂ ਥੀ, ਪਾਤਸ਼ਾਹ ਗੁਰੂ ।

"ਹੁੱਬਿ ਗ਼ੈਰ ਅਜ਼ ਜ਼ਮੀਰਿ ਸ਼ਾਂ ਬ-ਜ਼ਦਾਈ
ਹਮਗਿਨਾਂ ਰਾ ਤੁ ਰਾਹਿ ਰਾਸਤ ਨੁਮਾਈ" ॥੪੯॥

ਦੁਨੀਆ ਲੱਬ ਹਟਾ ਕੇ ਅੰਦਰੋਂ, ਹਿਕਸ ਸਿਉਂ ਚਿਤ ਲਾ, ਗੁਰੂ ।
ਦੂਜੇ ਭਾਵੀਂ ਰੁੜ੍ਹਦੇ ਜਾਂਦੇ, ਰਾਹ ਸੱਚਾ ਦਿਖਲਾ ਗੁਰੂ ।

ਸ਼ਾਹ ਗੁਫ਼ਤਾ, "ਚਿਹ ਲਾਇਕ ਆਨਮ
ਕਿ ਦਿਲਿ ਜੁਮਲਾ ਬਾਜ਼ ਗਰਦਾਨਮ ॥੫੦॥

ਇਉਂ ਸੁਣ ਬੋਲੇ ਸਤਿਗੁਰ ਨਾਨਕ, ਮੈਂ ਇਸ ਲਾਇਕ ਨਾਂਹ, ਗੁਰੂ ।
ਕੀ ਕੁਦਰਤ ਹੈ ਮੇਰੀ ਸੁਆਮੀ ? ਦਿਲ ਸਭਨਾਂ ਬਦਲਾਂਹ, ਗੁਰੂ ।

"ਮਨ ਕੁਜਾ ਵ ਚੁਨੀਂ ਕਮਾਲ ਕੁਜਾ
ਮਨ ਕਿਹ ਵ ਫ਼ਰਿ ਜ਼ੁਲਜਲਾਲ ਕੁਜਾ ॥੫੧॥

ਕਿੱਥੇ ਇਹ ਕਮਾਲ ਸੁਹਾਣਾ ? ਕੀ ਕੁਦਰਤ ਮੰਝ ਮਾਂਹ, ਗੁਰੂ ।
ਤੇਰਾ ਹੈ ਜਲਾਲ ਸੁਹਾਣਾ, ਮੇਰੇ ਸਮਰੱਥ ਨਾਂਹ ਗੁਰੂ ।

"ਲੇਕ ਹੁਕਮਤ ਕਸ਼ਮ ਬ-ਜ਼ਾਨੋ ਬ-ਦਿਲ
ਨਸ਼ਵਮ ਯੱਕ ਜ਼ਮਾਂ ਅਜ਼ੋ ਗ਼ਾਫ਼ਿਲ ॥੫੨॥

ਹਾਂ, ਤੇਰੇ ਹੁਕਮ ਦੇ ਸਾਹਵੇਂ, ਨਾਂਹ ਹੋ ਸਕਦੀ ਨਾਂਹ; ਗੁਰੂ ।
ਗਾਫ਼ਿਲ ਥੀਸਾਂ ਨ ਇਕ ਖਿਨ ਵੀ, ਜਾਨੋ ਦਿਲ ਫ਼ਿਦਾ, ਗੁਰੂ ।

"ਹਾਦੀਏ ਓ ਰਹਨੁਮਾਇ ਜੁਮਲਾ ਤੂ ਈ
ਰਹਬਰੋ ਦਿਲ-ਗਰਾਇ ਜੁਮਲਾ ਤੂ ਈ ॥੫੩॥
ਸੱਚਾ ਸਤਿਗੁਰ ਕੁਲ ਆਲਮ ਦਾ, ਤੂੰ ਹੀ ਖ਼ੁਦ ਖ਼ੁਦਾ ਗੁਰੂ !
ਰਾਹਬਰ ਅਤੇ ਪ੍ਰੇਰਕ 'ਕੋਮਲ' ਤੇਰੀ ਪਾਕ ਨਿਗਾਹ ਗੁਰੂ !"

## ਸਲਤਨਤਿ ਦੋਇਮ

### ਦੂਜੀ ਪਾਤਸ਼ਾਹੀ

**ਸਲਤਨਤਿ ਦੋਇਮਸ਼ ਅਵਲ ਮਰੀਦਿ ਸਾਜਦ......॥੫੪॥**

ਦਰ ਦਾ ਮੁਰੀਦ ਪਹਿਲਾਂ, ਸ਼ਾਹਾਨ ਸ਼ਾਹ ਦੂਜਾ,
ਫੇਰ ਬਣਿਆ ਜਗਤ-ਗੁਰ, ਹੁੰਦੀ ਅਥਾਹ ਪੂਜਾ।
ਨਾਨਕ ਦਾ ਨੂਰ ਛਲਕੇ, ਸੁੰਦਰ ਸਰੀਰ ਅੰਦਰੇ,
ਦਿਨ ਦਿਨ ਚੜ੍ਹੇ ਸਵਾਇਆ, ਹੱਕ ਆਗਾਹ ਸੂਰੀਜਾ।
ਜੋਤੀ ਅਨੂਪ ਇੱਕੋ, ਮੂਰਤ ਸਰੂਪ ਦੋ ਨੇ,
ਮਿੱਟੀ ਥੀਈ ਨੂਰਾਨੀ, ਲਟ ਲਟ ਪ੍ਰਭਾ ਪ੍ਰਭੀਜਾ।
ਜ਼ਾਹਰ ਦਿਸਣ ਦੋ ਲਾਟਾਂ, ਇਕੋ ਬਣੇ ਅਲਾਂਬਾ,
ਚਮਕਾਰਿ ਨੂਰਿ ਅੱਲ੍ਹਾ, ਸਾੜੇ ਭਰਮਾਂ ਭਰਮੀਜਾ।
ਤੈਨੂੰ ਨੇ ਸਿਰ ਨਿਵਾਂਦੇ, ਅਰਸ਼ੀ ਖੰਡਾਂ ਦੇ ਵਾਸੀ,
ਮਹਾਨ ਪੁਰਖ ਸਾਰੇ, ਧਾਵਨ ਤੇਰੀ ਸਰਨੀਜਾ।
ਕਰਤਾ ਪੁਰਖ ਸਲਾਹੇ, ਸੋਹਣੇ ਗੁਰੂ ਪਿਆਰੇ,
ਅਰਸ਼ੀ ਦਰਬਾਰ ਅੰਦਰ, ਧੰਨ ਧੰਨ ਤੇਰੀ ਸੁਣੀਜਾ।
ਤੇਰੇ ਨਾਮ ਦਾ ਜੋ ਐੜਾ, ਪਹਿਲਾ ਪਵਿਤ੍ਰ ਅੱਖਰ,
ਮੇਹਰੋ ਕਰਮ ਦਾ ਕੇਂਦਰ, ਸਭਨਾਂ ਦੇ ਮਨ ਭਾਵੀਜਾ।
ਸੁਗੰਧਾਂ-ਭਿੰਨੀ ਟਿੱਪੀ, ਅਸਲੇ ਦੇ ਰਾਜ਼ ਵਾਲੀ,
ਸਭ ਊਚ ਮੂਚ ਨੀਚਾਂ, ਆਸਰ ਤੇਰੀ ਧੀਰੀਜਾ।

'ਗੱਗਾ' ਅੱਖਰ ਜੋ ਅਗਲਾ, ਅਜ਼ਲਾਂ ਦਾ ਪਾਤਸ਼ਾਹ ਹੈ,
ਅਰਸ਼ੀ ਦਰਬਾਰ ਅੰਦਰ, ਏਹਦੀ ਹੀ ਧੁਨ ਧੁਨੀਜਾ।
ਆਖ਼ਰ ਜੋ 'ਦੱਦਾ' ਅੱਖਰ, ਸੰਸਾਰ ਰੋਗਾਂ ਦਾਰੂ,
ਉੱਚਾ ਤੇ ਸੁੱਚਾ ਨਾਮੰ, ਅੰਗਦ ਗੁਰੂ ਸੁਨੀਜਾ।

ਵਾਹਿਗੁਰੂ ਜੀਓਸਤ।

ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ।

ਗੁਰੂ ਅੰਗਦ ਆਂ ਮੁਰਸ਼ਦੁਲ-ਆਲਮੀਂ
ਜ਼ਿ ਫ਼ਜ਼ਲਿ ਅਹਦ ਰਹਿਮਤੁਲ ਮਜ਼ਨਬੀਂ ॥੫੫॥

ਅੰਗਦ ਗੁਰੂ ਪਿਆਰਾ, ਪੀਰਾਨ ਪੀਰ ਭਾਰਾ।
ਕਰਤੇ ਪੁਰਖ ਦੀ ਰਹਿਮਤ, ਪਾਪੀ ਕਰੇ ਉਧਾਰਾ।

ਦੋ ਆਲਮ ਚਿਹ ਬਾਸ਼ਦ ਹਜ਼ਾਰਾਂ ਜਹਾਂ
ਤੁਫ਼ੈਲਿ ਕਰਮਹਾਇ ਓ ਕਾਮਰਾਂ ॥੫੬॥

ਦੋ ਆਲਮ ਦੀ ਗੱਲ ਛੋਟੀ, ਜਹਾਨ ਲੱਖਾਂ ਕੋਟੀ,
ਮੇਹਰੋ ਕਰਮ ਦੇ ਸਦਕੇ, ਸਰਬੱਤ ਪੈਣ ਪਾਰਾ।

ਵਜੂਦਸ਼ ਹਮਾ ਫ਼ਜ਼ਲੋ ਫ਼ੈਜ਼ਿ ਕਰੀਮ
ਜ਼ਿ ਹੱਕ ਆਮਦੋ ਹਮ ਬ-ਹੱਕ ਮੁਸਤਕੀਮ ॥੫੭॥

ਮੇਹਰੋ ਕਰਮ ਮੁੱਜਸਮ, ਰੱਬੀ ਉਹ ਨੂਰ ਪਿਆਰਾ,
ਅਰਸ਼ੋਂ ਸੀ ਰੱਬ ਪਠਾਇਆ, ਜੁਗ ਜੁਗ ਹੀ ਰਬਿ ਸਮਾਹਰਾ।

ਹਮਹ ਆਸ਼ਕਾਰੋ ਨਿਹਾਂ ਜ਼ਾਹਿਰਸ਼
ਬਤੂਨੋ ਅੱਯਾਂ ਜੁਮਲਗੀ ਬਾਹਿਰਸ਼ ॥੫੮॥

ਆਗਮ ਨਿਗਮ ਦਾ ਸਾਖੀ, ਜ਼ਾਹਿਰ ਤੇ ਗੁੱਝਾ ਸਭ ਕੁਛ,
ਅੰਤਰ ਤੇ ਬਾਹਰ ਉਸ ਨੂੰ, ਪ੍ਰਗਟ ਪਹਾਰੇ ਸਾਰਾ।

ਚੂ ਵੱਸਾਫ਼ਿ ਊ ਜ਼ਾਤਿ ਹੱਕ ਆਮਦਾ
ਵਜੂਦਸ਼ ਜ਼ਿ ਕੁਦਸੀ ਵਰਕ ਆਮਦਾ ॥੫੯॥

ਸਿਫ਼ਤੋ ਸਲਾਹ ਨੂੰ ਗਾਵੇ, ਕਰਤਾ ਪੁਰਖ ਸਲਾਹਵੇ,
ਸਿਫ਼ਤਾਂ ਵਜੂਦ ਬਣ ਕੇ, ਹੈ ਦੇਵਾਨ ਦੇਵ ਪਿਆਰਾ ।

ਜ਼ਿ ਵਸਫ਼ਸ਼ ਜ਼ਬਾਨਿ ਦੋ ਆਲਮ ਕਸੀਰ
ਬਵਦ ਤੰਗ ਪੇਸ਼ਸ਼ ਫ਼ਜ਼ਾਇ ਜ਼ਮੀਰ ॥੬੦॥

ਦੋ ਆਲਮ ਦੀ ਜੀਭ ਆਰੀ, ਕੀ ਸਿਫ਼ਤਾਂ ਕਰੇ ਵਿਚਾਰੀ,
ਆਤਮ-ਪਸਾਰਾ ਸਾਰਾ, ਤੇਰੀ ਸਿਫ਼ਤ ਕਰਨੋਂ ਹਾਰਾ ।

ਹਮਾਂ ਬਿਹ ਕਿ ਖ਼ਾਹੇਮ ਅਜ਼ ਫ਼ਜ਼ਲਿ ਊ
ਜ਼ਿ ਅਲਤਾਫ਼ੋ ਅਕਰਾਮ ਹੱਕ ਅਦਲਿ ਊ ॥੬੧॥

ਤਾਂ ਤੇ ਇਹੋ ਹੀ ਚੰਗਾ, ਸਤਿਗੁਰ ਤੋਂ ਮੇਹਰ ਮੰਗਾਂ,
ਬਖ਼ਸ਼ਸ਼ ਦਾ ਬਣ ਜਾਂ ਭੀਖਕ, ਸੱਚੇ ਨਿਆਉਂ ਦੁਆਰਾ ।

ਸਰਿ ਮਾ ਬ-ਪਾਇਸ਼ ਬਵਦ ਬਰ ਦਵਾਮ
ਨਿਸਾਰਸ਼ ਦਿਲੋ ਜਾਨਿ ਮਾ ਮੁਸਤਦਾਮ ॥੬੨॥

ਜਿੰਦ ਜਾਨ ਸਾਡੀ ਸ਼ਰਨੀ, ਸਿਰ ਭੀ ਸੁਹਾਵੇ ਚਰਨੀਂ,
'ਕੋਮਲ' ਸਦਾ ਘੁਮਾਈਆਂ, ਘੁਮਿ ਘੁਮਿ ਥੀਆਂ ਨਿਸਾਰਾ ।

## ਸਲਤਨਤਿ ਸੋਇਮ

### ਤੀਜੀ ਪਾਤਸ਼ਾਹੀ

ਸਲਤਨਤਿ ਸੋਇਮਸ਼ ਸੁਲਤਾਨਿ ਮੁਮਾਲਕਿ ਹੱਕ ਪਰਵਰੀ......॥੬੩॥

ਤੀਜੀ ਉਹ ਪਾਤਸ਼ਾਹੀ, ਹੱਕ ਦੀ ਸ਼ਹਿਨਸ਼ਾਹੀ,
ਕਮਾਲਾਂ ਦੀ ਆਪੂੰ ਕੇਂਦਰ, ਵੱਡਿਆਂ ਤੋਂ ਵੱਡੀ ਜਾਈ ।
ਸਾਰੇ ਈ ਦੂਤ ਚਾਕਰ, ਓਹਦੇ ਦੁਆਰੇ ਖ਼ਾਤਿਰ,
ਦੂਤਾਂ ਦਾ ਧਰਮ-ਰਾਜਾ, ਏਸੇ ਹੀ ਦਰ ਦਾ ਘਾਹੀ ।

ਦੋਨੋਂ ਹੀ ਪਾਤਸ਼ਾਹੀਆਂ, ਮੁਖ ਆਰਸੀ ਤੋਂ ਝਲਕਣ,
ਗੁੰਚੇ ਦਿਲਾਂ ਦੇ ਖੇੜੇ, ਤੀਜੀ ਏਹ ਪਾਤਸ਼ਾਹੀ।
ਫਿਰਦੇ ਜੋ ਬੇ-ਠਿਕਾਣੇ, ਐੜਾ ਆਰਾਮ ਬਖ਼ਸ਼ੇ,
ਸੁੰਦਰ ਏਹ ਨਾਮ ਵਾਲਾ, ਤੇਰਾ ਗੁਰੂ ਗੁਸਾਈਂ।
ਰੁਲਦਾ ਫਿਰੇ ਬੇਚਾਰਾ, ਕੋਈ ਨਾ ਦੇਇ ਸਹਾਰਾ,
ਥੀ ਅੰਮ੍ਰਿਤ ਦੀ ਧਾਰਾ, 'ਮੱਮਾ' ਬਣੇ ਸਹਾਈ।
ਮੁਬਾਰਕ ਪਿਆਰਾ 'ਰਾਰਾ', ਬਹਾਰਾਂ ਲਗਾਉਣਹਾਰਾ,
ਜੁਗ ਜੁਗ ਵਿਗਾਸ ਬਖ਼ਸ਼ੇ, ਹੈ ਸਦਾ ਸੁਖਦਾਈ।
'ਦੱਦਾ' ਏਹ ਨੇਕਨਾਮੀ, ਦੀਨਾਂ ਦੇ ਆਵੇ ਕਾਮੀਂ,
ਨਿਥਾਵੇਂ ਦੀ ਥਾਂ ਗਰਾਮੀ, ਗੁਰੂ ਅਮਰਦਾਸ ਸਾਈਂ।
'ਕੰਨਾ' ਜੋ ਪਤਿਤ ਪਾਵਨ, ਪਾਪੀ ਕਰੇ ਸੁਹਾਵਨ,
ਦੋਸ਼ੀ ਕਰੇ ਬਖ਼ਸ਼ਾਵਨ, ਦੁਸ਼ਟਾਂ ਦੀ ਖ਼ੈਰ-ਖ਼ਾਹੀ।
'ਸੱਸਾ ਜੋ ਆਖ਼ਰ ਆਯਾ, ਕਰਤੇ ਪੁਰਖ ਦਾ ਸਾਯਾ,
ਅਰਸ਼ਾਂ ਦੀ ਛੱਤਰ ਛਾਯਾ, 'ਕੋਮਲ' ਗੁਰੂ ਗੋਸਾਈਂ।

ਵਾਹਿਗੁਰੂ ਜੀਓਸਤ।

ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ।

**ਗੁਰੂ ਅਮਰਦਾਸ ਆਂ ਗਰਾਮੀ ਨਜ਼ਾਦ**
**ਜ਼ਿ ਅਫ਼ਜ਼ਾਲਿ ਹੱਕ ਹਸਤੀਅਸ਼ ਰਾ ਮੁਆਦ ॥੬੪॥**

ਗੁਰੂ ਅਮਰਦਾਸ ਸਾਹਿਬ, ਵਿਰਾਸਤ ਸੁਹਾਣੀ ਰੱਬੀ,
ਦਯਾ ਦੀ ਪੁੰਜ ਮੂਰਤ, ਕ੍ਰਿਪਾ ਨਿਧਾਨ ਜੁਗ ਜੁਗ।

**ਜ਼ਿ ਵਸਫ਼ੋ ਸਨਾਇ ਹਮਹ ਬਰਤਰੀਂ**
**ਬ-ਸਦਰਿ ਹਕੀਕਤ ਮੁਰੱਬਅ ਨਸ਼ੀਂ ॥੬੫॥**

ਸਭ ਤੋਂ ਉਚੇਰੀ ਸੋਭਾ, ਉਪਮਾ ਨ ਬਰਨ ਆਵੇ,
ਸੱਚ ਦੇ ਤਖ਼ਤ ਸੁਹਾਵੇ, ਭੱਲਾ ਸੁਲਤਾਨ ਜੁਗ ਜੁਗ।

ਜਹਾਂ ਰੌਸ਼ਨ ਅਜ਼ ਨੂਰਿ ਅਰਸ਼ਾਦਿ ਊ,
ਜ਼ਮੀਨੋ ਜ਼ਮਾਂ ਗੁਲਸ਼ਨ ਅਜ਼ ਦਾਦਿ ਊ ॥੬੬॥

ਬਚਨਾਂ ਤੋਂ ਨੂਰ ਵੱਸੇ, ਰਾਹ ਜਗਤ ਨੂੰ ਦਿੱਸੇ,
ਦੁਨੀਆ ਨਿਹਾਲ ਹੋ ਗਈ, ਝੂਲਣ ਨਿਸ਼ਾਨ ਜੁਗ ਜੁਗ।

ਦੋ ਆਲਮ ਗ਼ੁਲਾਮਸ਼ ਚਿਹ ਹਜ਼ਦਹ ਹਜ਼ਾਰ
ਫ਼ਜ਼ਾਲੋ ਕਰਾਮਸ਼ ਫ਼ਜ਼ੂੰ ਅਜ਼ ਸ਼ੁਮਾਰ ॥੬੭॥

ਚਾਕਰ ਥੀਏ ਦੋ ਆਲਮ, ਗਿਣਤੀ ਕੀ ਸੈ-ਹਜ਼ਾਰਾਂ ?
ਅਗਣਤ ਮੇਹਰਾਂ ਤੋਂ 'ਕੋਮਲ', ਥੀਏ ਕੁਰਬਾਨ ਜੁਗ ਜੁਗ।

## ਸਲਤਨਤਿ ਚਰਾਹਮ

### ਪਾਤਸ਼ਾਹੀ ਚੌਥੀ

ਸਲਤਨਤਿ ਚਹਾਰਮਸ਼ ਅਜ਼ ਹਰ ਚਹਾਰ ਰੁਤਬਾ ਕੁਦਸੀ ਵਾਲਾ
ਤਰ......॥੬੮॥

ਚੌਥੇ ਗੁਰੂ ਸੁਹਾਣੇ, ਵਸਦੇ ਨੇ ਉਚ ਟਿਕਾਣੇ,
ਰੁਤਬੇ ਜੋ ਚਾਰ ਦਸਣ, ਉਸ ਤੋਂ ਉਚੇਰੇ ਮੋਹਨ।
ਜੁ ਹਰ ਦਰਗਹਿ ਪ੍ਰਵਾਨੇ, ਸੁੱਚੇ ਰੱਬਾਨੀ ਦਾਨੇ,
ਦਰ 'ਤੇ ਖੜੇ ਕਮਰ ਕਸਿ, ਜੀਓ ਸੁੰਦਰੇਰੇ ਮੋਹਨ।
ਦਰ ਦਰ ਖ਼੍ਵਾਰ ਬੰਦੇ, ਸ਼ਰਨ ਜੋ ਤਕਾਵਨ,
ਬੈਠਾਣ ਉਹ ਉਚ ਸਿੰਘਾਸਨ, ਸਦਕੇ ਚੰਗੇਰੇ ਮੋਹਨ।
ਪਾਪਿਸਟ ਹਤਿਆਰੇ, ਜੋ ਜਸ ਗੁਰੂ ਅਰਾਧਨ,
ਪਾਪਾਂ ਦੀ ਧੂੜ ਝਾੜਨ, ਬਰਕਤ ਵਡੇਰੇ ਮੋਹਨ।
ਕਰਾਮਾਤੀ ਹੈ ਜੋ 'ਰਾਰਾ', ਤੈਂ ਨਾਮ ਦਾ ਪਿਆਰਾ,
ਇਹ ਰੂਹਿ ਰਵਾਂ ਸੰਸਾਰਾ, ਬਲਿਹਾਰਰੇ ਤੇਰੇ ਮੋਹਨ।
'ਕੰਨਾ' ਜੁ ਹੈ ਅਗਲੇਰਾ, ਸਭ ਤੋਂ ਉੱਚ ਉਚੇਰਾ,
ਧੰਨ ਧੰਨ ਰਾਮਦਾਸ ਕਹਿਆਂ, ਬਿਨਸੇ ਅੰਧੇਰੇ ਮੋਹਨ।
ਸਿਰ ਤੋਂ ਏ ਪੈਰਾਂ ਤਾਈਂ, 'ਮੱਮਾ' ਜੋ ਰੱਬ ਨਿਆਈਂ,
ਪ੍ਰੇਮੀ ਸਦਾ ਹੈ ਸਾਈਂ, ਸੁੰਦਰ ਓ ਮੇਰੇ ਮੋਹਨ।

ਦੱਦਾ ਕੰਨਾ ਸੰਜਗਤ ਹੋ ਕੇ, ਹੈ ਦ ਮਨਗੀਰ ਅੱਲਾ,
ਸੱਚੇ ਦਾ ਸੱਚਾ ਸੰਗੀ, ਮਨ ਚਿਤ ਪਰੇਰੇ ਮੋਹਨ।
ਸੱਸਾ ਜੁ ਤੈਂ ਨਾਮ ਦਾ ਹੈ, ਸਹਾਈ ਦੋ ਜਹਾਨ ਦਾ ਹੈ,
ਨਿਮਾਣੇ ਨੂੰ ਮਾਣ ਬਖ਼ਸ਼ੇਂ, 'ਕੋਮਲ' ਦਾਤੇਰੇ ਮੋਹਨ।

**ਵਾਹਿਗੁਰੂ ਜੀਓਸਤ**

ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ।

**ਗੁਰੂ ਰਾਮਦਾਸ ਆਂ ਮਤਾਅ ਉਲ-ਵਰਾ**
**ਜਹਾਂਬਾਨਿ ਅਕਲੀਮਿ ਸਿਦਕੋ ਸਫ਼ਾ ॥੬੯॥**

ਸਭ ਖ਼ਲਕ ਦਾ ਸ੍ਰਦਾਰ ਸੋਹਣਾ, ਦਿਲਬਰਾਂ ਦਾ ਯਾਰ ਮੋਹਣਾ,
ਸਿਦਕ, ਸੁਹੱਪਣ, ਸੁੰਦ੍ਰਤਾ, ਤੇਰੇ ਪੈਰ ਚੁੰਮਦੀ ਸਤਿਗੁਰੂ।

**ਹਮ ਅਜ਼ ਸਲਤਨਤ ਹਮ ਜ਼ਿ ਫ਼ਰਕਸ ਨਿਸ਼ਾਂ**
**ਗਿਰਾਂਮਾਯਾ ਤਰ ਅਫ਼ਸਰਿ ਸਰਵਰਾਂ ॥੭੦॥**

ਪਾਤਸ਼ਾਹੀ ਤੇ ਫ਼ਕੀਰੀ, ਲਿਸ਼ਕਾਂ ਨੇ ਦੋ ਸਰੀਰੀ,
ਤੇਰੀ ਹੀ ਪ੍ਰਕਰਮਾ ਖ਼ਾਤਰ, ਸ੍ਰਿਸ਼ਟਿ ਘੁੰਮਦੀ ਸਤਿਗੁਰੂ।

**ਜ਼ਿ ਤੌਸੀਫ਼ਿ ਊ ਸੁਲਸ ਕਾਸਿਰ ਜ਼ਬਾਂ**
**ਅਜ਼ੋ ਰੁਬਾਅ ਹਮ ਸੁੱਦਸ ਗੌਹਰ ਫ਼ਿਸ਼ਾਂ ॥੭੧॥**

ਤ੍ਰਿਲੋਕੀ ਦੇ ਜੀਵ ਜੰਤੂ, ਚਾਰ ਕੂੰਟ ਅਰ ਛੇ ਦਿਸ਼ੰਤੂ,
ਕਰਦੇ ਨੇ ਸਿਫ਼ਤਾਂ, ਪ੍ਰੰਤੂ, ਨਹੀਂ ਸਾਰ 'ਗੰਮ ਦੀ ਸਤਿਗੁਰੂ।

**ਚੂੰ ਹੱਕ ਬਰ-ਗੁਜ਼ੀਦਸ਼ ਜ਼ਿ ਖ਼ਾਸਾਨਿ ਖ਼ੇਸ਼**
**ਸਰ ਅਫ਼ਰਾਖ਼ਤਸ਼ ਹਮ ਜ਼ਿ ਪਾਕਾਨਿ ਖ਼ੇਸ਼ ॥੭੨॥**

ਚੁਣ-ਕਢੇ ਪਰੀਪੂਰੇ, ਨਿਜ ਸਰੂਪੀ ਖ਼ਾਸ ਸੂਰੇ,
ਨਿਊਂਦੇ ਨੇ ਤੇਰੇ ਮੂਹਰੇ; ਨਿਜ ਜੋਤ ਰੰਮ ਦੀ, ਸਤਿਗੁਰੂ।

**ਹਮਹ ਸਾਜਿਦਸ਼ ਦਾਂ ਬ-ਸਿਦਕਿ ਜ਼ਮੀਰ**
**ਚਿਹ ਆਅਲਾ ਚਿਹ ਅਦਨਾ ਚਿਹ ਸ਼ਾਹ ਚਿਹ ਫ਼ਕੀਰ ॥੭੩॥**

ਸਿੰਘਾਸਨ 'ਤੇ ਰੱਬ ਟਿਕਾਇਆ, ਤੈਂ ਸੀਸ ਛੱਤ ਝੁਲਾਇਆ,
ਸਭ ਊਚ ਨੀਚ ਸ਼ਾਹ ਗਦਾਈ, ਸ਼ਰਨ ਮੰਗਦੀ ਸਤਿਗੁਰੂ।

# ਸਲਤਨਤਿ ਪੰਜਮ

## ਪੰਜਵੀਂ ਪਾਤਸ਼ਾਹੀ

### ਸਲਤਨਤਿ ਪੰਜਮਸ਼ ਹੁਲੀਆ ਆਰਾਇ ਸ਼ਵਾਰਕਿ ਆਂ...॥੭੪॥

ਪੰਚਮ ਏਹ ਪਾਤਸ਼ਾਹੀ, ਚੌਂਹਾਂ ਦਾ ਨੂਰ ਰੌਸ਼ਨ,
ਲਟ ਲਟ ਜੋਤੀ ਜਗਾਵੇ, ਲਿਸ਼ਕਾਂ ਨੂੰ ਭਾਗ ਲਾਵੇ।
ਪੀਰਾਨ ਪੀਰ ਭਾਰੀ, ਪੰਜੇ ਰੂਪ ਦਿਖਾਰੀ,
ਵਡਿਓਂ ਵੱਡਾ ਅਪਾਰੀ, ਤੇਰਾ ਮਰਤਬਾ ਸੁਹਾਵੇ।
ਹਾਂ ਸਤਿਗੁਰੂ ਸੁਹਾਣੇ, ਜਾਹੋ ਜਲਾਲ ਰੱਬੀ,
ਅਜ਼ਮਤ ਦੇ ਉਚ ਟਿਕਾਣੇ, ਮੇਹਰਾਂ ਦਾ ਮੀਂਹ ਵਸਾਵੇ।
ਹਰਿ ਦਰਗਹਿ ਪ੍ਰਵਾਣੇ, ਹਰਿ ਦਰਗਹਿ ਸਨਮਾਣੇ,
ਮਹਿਬੂਬ ਸਚੇ ਸਾਹਿਬ, ਮਤਲੂਬ ਦਰਿ ਸਚਾਵੇ।
ਅਰਜਨ ਗੁਰੂ ਪਿਆਰਾ, ਹਰੀ ਦਾ ਹੈ ਆਕਾਰਾ,
ਵਾਸਾ ਹੈ ਰੱਬ ਅੰਦਰ, ਮਹਿਮਾ ਬਰਨ ਨ ਆਵੇ।
ਮਹਾਨ ਪੁਰਖ ਸਾਰੇ, ਤੇਰੀ ਉਹ ਖ਼ਾਕ ਥੀਵਨ,
ਛਾਯਾ ਦੇ ਆਸਰੇ ਹਨ, ਸੁੰਦਰ ਭਗਤ ਸੁਹਾਵੇ।
ਤੇਰੇ ਨਾਮ ਦਾ ਜੋ ਐੜਾ, ਸੂਚਕ ਹੈ ਏਕਤਾ ਦਾ,
ਨਿਰਾਸਰੇ ਦੀ ਆਸਾ, ਡੁਬਦੇ ਨੂੰ ਬੰਨੇ ਲਾਵੇ।
ਢਠਿਆਂ ਨੂੰ ਦਏ ਸਹਾਰਾ, ਨਿਮਾਣੇ ਨਿਥਾਵਿਆਂ ਨੂੰ,
ਨਾਉਂ ਦਾ ਰਾਰਾ ਪਿਆਰਾ, ਰਾਹਤ ਬਖ਼ਸ਼ ਸੁਖਾਵੇ।
ਜੀਵਨ ਲਰਜ਼ 'ਜੱਜਾ' ਮੁਸ਼ਕਾਂ ਝਕੋਲੜਾ ਜੋ,
ਠੰਢੀ ਰਿਵੀ ਰੱਬਾਨੀ, ਸਿੱਖੀ ਮਹਿਕ ਮਹਿਕਾਵੇ।
ਮਿਹਰ ਇਲਾਹੀ 'ਨੰਨਾ', ਸਿਦਕੀ ਸਬੂਰਿਆਂ ਨੂੰ,
ਅਨੰਦ ਰੂਪ ਲਹਿਰਾਂ, ਅਰਸ਼ੀ ਝੂਮਨ ਝੁਮਾਵੇ।

## ਵਾਹਿਗੁਰੂ ਜੀਓਸਤ

ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ।

ਗੁਰੂ ਅਰਜਨ ਆਂ ਜੁਮਲਾ ਜੂਦੋ ਫ਼ਜ਼ਾਲ,
ਹਕੀਕਤ ਪਜ਼ੋਹਿੰਦਾਇ ਹੱਕ ਜਮਾਲ ॥੭੫॥

ਅਰਜਨ ਗੁਰੂ ਸੁਹਾਣਾ, ਜੀਵਨ ਲਰਜ਼ ਅਨੂਠੀ,
ਸੋਮਾ ਹਕੀਕਤਾਂ ਦਾ, ਹੈ ਮੇਹਰਾਂ ਦਾ ਸਮੁੰਦਰ।

ਵਜੂਦਸ਼ ਹਮਹ ਰਹਿਮਤਿ ਈਜ਼ਦੀ,
ਸਆਦਤ ਫ਼ਜ਼ਾਇੰਦਾਇ ਸਰਮਦੀ ॥੭੬॥

ਰਹਿਮਤ ਵਜੂਦ ਹੈ ਉਹਦਾ, ਨੂਰੀ ਸੁਲੱਖਣਾ ਉਹ,
ਸਦੀਵੀ ਸੁਭਾਗ ਬਖ਼ਸ਼ੇ, ਸੁੰਦਰਤਾ ਤੋਂ ਸੁੰਦਰ।

ਮੁਰੀਦਸ਼ ਦੋ ਆਲਮ ਚਿਹ, ਬਲ ਸਦ ਹਜ਼ਾਰ
ਹਮਹ ਅਜ਼ ਕਰਮਹਾਇ ਊ ਜੁਰਾਅ ਖ਼੍ਵਾਰ ॥੭੭॥

ਦਰ ਦੇ ਮੁਰੀਦ ਉਹਦੇ, ਲਖਾਂ ਜਹਾਨਾਂ ਵਾਲੇ,
ਘੁਟ ਬਖ਼ਸ਼ਸ਼ਾਂ ਦੇ ਪੀਵਨ, ਐਸਾ ਗੁਰੂ ਪੁਰੰਦਰ।

ਅਜ਼ੋ ਨਜ਼ਮ ਕਾਲਿ ਹੱਕ ਅੰਦੇਸ਼ਾ ਰਾ,
ਬਦੋ ਨਸਕ ਇਲਮਿ ਯਕੀਂ-ਪੇਸ਼ਾ ਰਾ ॥੭੮॥

ਛੁਪੀਆਂ ਰੱਬਾਨੀ ਰਮਜ਼ਾਂ, ਉਹਦੇ ਕਲਾਮ ਅੰਦਰ,
ਦ੍ਰਿੜ੍ਹਤਾ ਸਿਦਕ ਸਬੂਰੀ, ਉਹਦੇ ਨਜ਼ਾਮ ਅੰਦਰ।

ਜਲਾਇ ਮਕਾਲਿ ਹੱਕ ਆਮਦ ਅਜ਼ੋ,
ਫ਼ਰੋਗਿ ਜਮਾਲਿ ਹੱਕ ਆਮਦ ਅਜ਼ੋ ॥੭੯॥

ਜਲਵਾ ਜਲਾਲ ਬਣਿਆ, ਅਰਸ਼ੀ ਅਹਿਵਾਲ ਬਣਿਆ,
ਰੱਬੀ ਜਮਾਲ ਤਣਿਆ, 'ਕੋਮਲ' ਕਮਾਲ ਸੁੰਦਰ।

## ਸਲਤਨਤਿ ਸ਼ਸ਼ਮ

### ਪਾਤਸ਼ਾਹੀ ਛੇਵੀਂ

**ਸਲਤਨਤਿ ਸ਼ਸ਼ਮਸ਼ ਜਲਵਾ ਆਰਾਇ ਈਜ਼ਦੀ ਸ਼ਵਾਰਕ...॥੮੦॥**

ਛੱਟਮ ਹੈ ਪੀਰ ਭਾਰੀ ਜਲਵਾ ਕਮਾਲ ਰੌਸ਼ਨ,
ਅਰਸ਼ੀ ਉਹ ਨੂਰ ਛੱਡੇ, ਹਰ ਸੂ ਜਮਾਲ ਰੌਸ਼ਨ।
ਰਹਿਮਤ ਦੀ ਕਿਰਨ ਲਿਸ਼ਕੇ, ਥੀਵੇ ਸੰਸਾਰ ਰੌਸ਼ਨ,
ਅਜ਼ਮਤ ਪ੍ਰਕਾਸ਼ ਉਸ ਦਾ, ਕਰਦੈ ਅੰਧਾਰ ਰੌਸ਼ਨ।

ਹੈ ਤੇਗ ਦਾ ਧਨੀ ਉਹ, ਤੀਰੋ ਕਟਾਰ ਰੌਸ਼ਨ,
ਦੋਖੀ ਸੰਘਾਰ ਸੁੱਟੇ, ਹੈ ਚਮਤਕਾਰ ਰੌਸ਼ਨ।
ਸੂਰਜ ਤੋਂ ਵੱਧ ਯਕੀਨੀ, ਬਖ਼ਸ਼ੇ ਉਹ ਦਾਤਿ ਰੌਸ਼ਨ,
ਪ੍ਰਭਤਾ ਦਰਬਾਰ ਦੀ ਹੈ, ਵਾਡੂ ਪਰਭਾਤ ਰੌਸ਼ਨ।

ਪੰਜੇ ਜਗਦੀਆਂ ਜੋਤਾਂ, ਉਸਦੇ ਵਿਚਕਾਰ ਰੌਸ਼ਨ,
ਸਭਾ ਸ਼ਿੰਗਾਰ ਸਤਿਗੁਰ, ਕਰਦੇ ਸੰਸਾਰ ਰੌਸ਼ਨ।
'ਹਾਹਾ' ਹੈ ਨਾਮ ਵਾਲਾ, ਕਾਮਲ ਕਮਾਲ ਰੌਸ਼ਨ,
ਦੋਨੋਂ ਜਹਾਨਾਂ ਹਾਦੀ, ਜਲਵਾ ਜਲਾਲ ਰੌਸ਼ਨ।

ਰਹਿਮਤ ਉਦ੍ਹੀ ਦਾ ਸੂਚਕ, 'ਰਾਰਾ' ਦਯਾਲ ਰੌਸ਼ਨ,
ਨੈਣਾਂ ਦਾ ਨੂਰ ਨਿੰਮਲ, ਵਾਹ ਵਾਹ ਜਮਾਲ ਰੌਸ਼ਨ।
ਜੜਿਆ ਹੈ ਵਾਂਡੂ ਹੀਰੇ, 'ਗਗਾ' ਕਮਾਲ ਰੌਸ਼ਨ।
ਉਪਰ ਜੋ ਚਿਹਨ 'ਹੋੜਾ', ਗੁਲੇ ਗੁਲਾਲ ਰੌਸ਼ਨ।

ਜੀਵਨ ਦੀ ਦਾਤਿ ਬਖ਼ਸ਼ੇ, 'ਬੱਬਾ' ਜੋ ਲਾਲ ਰੌਸ਼ਨ।
ਸਿਹਾਰੀ ਜੁੜਵੀਂ ਟਿੱਪੀ, ਕਰਦੀ ਅਹਿਵਾਲ ਰੌਸ਼ਨ।
ਸੁਗੰਧਤ ਬਣਾਉਣ ਵਾਲੀ,ਜੁਗ ਜੁਗ ਮਿਸ਼ਾਲ ਰੌਸ਼ਨ।
ਦਾਨਾ ਹੈ ਅੰਤਰਜਾਮੀ, 'ਦੱਦਾ' ਦਯਾਲ ਰੌਸ਼ਨ।
ਵਾਹ ! ਹਰਿ ਗੋਬਿੰਦ ਮੂਰਤ,'ਕੋਮਲ'ਕਮਾਲ ਰੌਸ਼ਨ।

ਵਾਹਿਗੁਰੂ ਜੀਓਸਤ

ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ ।

ਗੁਰੂ ਹਰਿ ਗੋਬਿੰਦ ਆਂ ਸਰਾਪਾ ਕਰਮ
ਕਿ ਮਕਬੂਲ ਸ਼ੁਦ ਜ਼ੂ ਸ਼ਕੀ ਓ ਦਜ਼ਮ ॥੯੧॥

ਸ੍ਰੀ ਹਰਿ ਗੋਬਿੰਦ ਦਾਤਾ, ਬਖ਼ਸ਼ਸ਼ ਕਰਮ ਦੀ ਮੂਰਤ,
ਅਭਾਗੇ ਉਦਾਸ ਬੰਦੇ, ਸੁਹਾਏ ਦਰਬਾਰਿ ਝੁਮ ਝੁਮ ।

ਫ਼ਜ਼ਾਲੋ ਕਰਾਮਸ਼ ਫ਼ਜ਼ੂ ਅਜ਼ ਹਿਸਾ,
ਸ਼ਿਕੋਹਸ਼ ਹਮ੍ਹਾ ਫਰ੍ਹਾਇ ਕਿਬਰੀਆ ॥੯੨॥

ਹੈ ਮੇਹਰ ਦਾ ਸਮੁੰਦਰ, ਫ਼ਜ਼ਲੋ ਕਰਮ ਪੂਰੰਦਰ,
ਸ਼ਾਨ ਨਿਜ ਕਰਤਾਰੀ, ਹੈ ਝੁਣਤਕਾਰ ਝੁਮ ਝੁਮ ।

ਵਜੂਦਸ਼ ਸਰਾਪਾ ਕਰਮਹਾਇ ਹੱਕ,
ਜ਼ਿ ਖ਼੍ਵਾਸਾਂ ਰੁਬਾਇੰਦਹ ਗੋਇ ਸਬਕ ॥੯੩॥

ਰੱਬੀ ਹੀ ਰਹਿਮਤਾਂ ਦਾ, ਉਹਦਾ ਵਜੂਦ ਜਾਣੋ,
ਖ਼ਾਸਾਂ ਤੋਂ ਬਹੁਤ ਅੱਗੇ, ਆਖਣ, "ਸਰਦਾਰ ਤੁਮ ਤੁਮ ।"

ਹਮ ਅਜ਼ ਫ਼ਕਰ ਵ ਹਮ ਸਲਤਨਤ ਨਾਮਵਰ,
ਬ-ਫ਼ਰਮਾਨਿ ਊ ਜੁਮਲਾ ਜ਼ੇਰੋ ਜ਼ਬਰ ॥੯੪॥

ਉਦ੍ਹੀ ਪੀਰੀ ਦੇ ਨਾਲ ਮੀਰੀ, ਵੱਡੇ ਤੇ ਛੋਟੇ ਸਾਰੇ,
ਉਸ ਦੇ ਫ਼ਰਮਾਨ ਅੰਦਰ, ਜੀਵਣ ਚਰਨਾਰ ਚੁੰਮ ਚੁੰਮ ।

ਦੋ ਆਲਮ ਮੁਨੱਵਰ ਜ਼ਿ ਅਨਵਾਰਿ ਊ,
ਹਮਾ ਤਿਸ਼ਨਾਇ ਫ਼ੈਜ਼ਿ ਦੀਦਰਿ ਓ ॥੯੫॥

ਪੁਰ-ਨੂਰ ਨੇ ਦੋ ਆਲਮ, ਉਸ ਦੇ ਹੀ ਨੂਰ ਸਦਕੇ,
ਪਿਆਸ ਦੀਦ ਮੇਹਰ ਦੀ, 'ਚਿ ਜਾਂਦੇ ਨੇ ਸਾਰੇ ਗੁੰਮ ਗੁੰਮ ।

# ਸਲਤਨਤਿ ਹਫ਼ਤਮ

## ਸਤਵੀਂ ਪਾਤਸ਼ਾਹੀ

### ਸਲਤਨਤਿ ਹਫ਼ਤਮਸ਼ ਅਜ਼ ਹਫ਼ਤ ਵ ਨੁਹ ਬਰਤਰੀਂ ...॥੯੬॥

ਹਫ਼ਤਮ ਏਹ ਜੋਤਿ ਨਾਨਕ, ਹੈ ਪਾਤਸ਼ਾਹੀ ਸਤਵੀਂ,
ਸਤ ਤੇ ਨੌਂ ਜੋ ਦਸਣ, ਸਭ ਤੋਂ ਉਚੇਰਾ ਦਾਤਾ।
ਹਜ਼ਾਰਾਂ ਏਹ ਸਤ ਜ਼ਮੀਨਾਂ, ਤੇ ਆਸਮਾਂ ਹਜ਼ਾਰਾਂ;
ਚਰਨਾਂ ਦੀ ਖ਼ਾਕ ਚੁੰਮਣ, ਵਡਿਓਂ ਵਡੇਰਾ ਦਾਤਾ।
ਦਰਬਾਨ ਸੋਹਣੇ ਦਰ ਦੇ, ਮਹਾਂ ਪੁਰਖ ਪਵਿਤ੍ਰ;
ਚਾਕਰ ਤੇਰੇ ਦੁਆਰੇ, ਮੋਹਨ ਸੁੰਦਰੇਰਾ ਦਾਤਾ।
ਜਮਾਂ ਦੀ ਫਾਹੀ ਕੱਟੇ, ਡਰ ਮੌਤ ਦਾ ਬਿਦਾਰੇ;
ਜਮਰਾਜ ਸਹਿਮੇ ਡਰਪੇ, ਤੂੰ ਰੱਖਯਕ ਚੰਗੇਰਾ ਦਾਤਾ।
ਤੂੰ ਸੱਚੇ ਤਖ਼ਤ ਤੇ ਸੋਹਾ, ਸੱਚੇ ਦਾ ਸੱਚਾ ਢੋਆ,
ਮਕਬੂਲ ਸੱਚੇ ਸਾਹਿਬ, ਜੁਗ ਜੁਗ ਤੂੰ ਮੇਰਾ ਦਾਤਾ।
ਆਪੂੰ ਹੈ ਉਹਦਾ ਤਾਲਿਬ, ਰੱਬੁਲ ਰਹੀਮ ਕਾਮਿਲ,
ਕੁਦਰਤ ਕਰਮ ਦੇ ਉਪਰ, ਫ਼ੁਰਮਾਨ ਤੇਰਾ ਦਾਤਾ।
ਗੁਰੂ ਕਰਤਾ ਹਰਿ ਰਾਏ, ਹੈ ਨਾਮ ਜੋ ਪਵਿਤਰ,
'ਕੱਕਾ' ਹੈ ਕਰਮ ਕਰਦਾ, ਦੇਵਾਂ 'ਤੇ ਤੇਰਾ ਦਾਤਾ।
'ਰਾਰਾ' ਹੈ ਰਸ-ਸੁਗੰਧਤ, ਸੁਰ ਨਰਾਂ ਲਈ ਸਾਰੇ,
ਰੱਬੀ ਕਸ਼ਫ਼ ਕਰਾਂਤੀ, ਸੁੰਦਰ ਕੁਮੇਰਾ ਦਾਤਾ।
'ਤੱਤਾ' ਤੇ 'ਕੰਨਾ' ਪਾਵਨ: ਆਸਮਾਨ ਜੋ ਗਿਰਾਵਨ,
ਉਨ੍ਹਾਂ ਤਾਨ ਮਾਨ ਤੋੜੇ, ਸਭ ਤੋਂ ਉਚੇਰਾ ਦਾਤਾ।
ਹਰੀ ਰਾਮ ਬਲ ਸੰਪੂਰਨ, 'ਹਾਹਾ' ਤੇ 'ਰਾਰਾ' ਦਸਣ,
ਯੋਧੇ ਜੋ ਵੱਡ ਸਿੰਘਾਸਣ, ਸਮਰੱਥ ਸੂਰੇਰਾ ਦਾਤਾ।

ਰਣਬੀਰ ਬੱਬਰ ਮੰਨੇ, ਦੱਸੇ 'ਰਾਰਾ' ਸਮੇਤ 'ਕੰਨੇ',
ਹਨ ਪਾਣੀ ਤੇਰਾ ਭਰਦੇ, ਸਾਹਿਬ ਵਡੇਰਾ ਦਾਤਾ।

ਹੈ ਈੜੀ ਜੋ ਲਾਂ ਲਗੀੜੀ, 'ਕੋਮਲ' ਅਖ਼ੀਰ ਵਾਲੀ,
ਸਹਾਈ ਹੈ ਖ਼ਾਸ ਆਮਾਂ, ਚਾਰੋਂ ਚੁਫੇਰਾ ਦਾਤਾ।

## ਵਾਹਿਗੁਰੂ ਜੀਓਸਤ

ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ।

ਹੱਕ ਪਰਵਰ ਹੱਕ ਕੇਸ਼ ਗੁਰੂ ਕਰਤਾ ਹਰਿ ਰਾਏ,
ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਏ ॥੮੭॥

ਸੱਚ-ਪਾਲਣਾ, ਸੱਚ ਧਨੀਆ, ਗੁਰੂ ਕਰਤਾ ਹਰਿ ਰਾਏ,
ਸ਼ਾਹੀ ਫ਼ਕੀਰੀ ਬਣੀਆਂ, ਗੁਰੂ ਕਰਤਾ ਹਰਿ ਰਾਏ।

ਫ਼ਯਾਜ਼ੁਲ ਦਾਰੈਨ, ਗੁਰੂ ਕਰਤਾ ਹਰਿ ਰਾਏ,
ਸਰਵਰਿ ਕੌਨੈਨ, ਗੁਰੂ ਕਰਤਾ ਹਰਿ ਰਾਏ ॥੮੮॥

ਫ਼ੈਜ਼ੋ ਕਰਮ ਕਮਾਣਾ, ਗੁਰੂ ਕਰਤਾ ਹਰਿ ਰਾਏ,
ਸਾਹਿਬੇ ਦੋ ਜਹਾਨਾਂ, ਗੁਰੂ ਕਰਤਾ ਹਰਿ ਰਾਏ।

ਹੱਕ ਵਾਸਫ਼ਿ ਅਕਰਾਮ, ਗੁਰੂ ਕਰਤਾ ਹਰਿ ਰਾਏ,
ਖ਼ਾਸਾਂ ਹਮ੍ਹਾ ਬਰ ਕਾਮ, ਗੁਰੂ ਕਰਤਾ ਹਰਿ ਰਾਏ ॥੮੯॥

ਰੱਬ ਕੀਰਤੀ ਅਲਾਵੇ, ਗੁਰੂ ਕਰਤਾ ਹਰਿ ਰਾਏ,
ਸਭ ਖ਼ਾਸਾਂ ਸਫਲਾਵੇ, ਗੁਰੂ ਕਰਤਾ ਹਰਿ ਰਾਏ।

ਸ਼ਹਨਸ਼ਾਹਿ ਹੱਕ, ਨਸਕ ਗੁਰੂ ਕਰਤਾ ਹਰਿ ਰਾਏ,
ਫ਼ਰਮਾਂ-ਦਿਹੇ ਨੁਹ ਤਬਕ, ਗੁਰੂ ਕਰਤਾ ਹਰਿ ਰਾਏ ॥੯੦॥

ਤੇਰੇ ਬਚਨਾਂ ਵਿੱਚ ਸਰਦਾਰੀ, ਗੁਰੂ ਕਰਤਾ ਹਰਿ ਰਾਏ,
ਨੌਂ ਤਬਕ ਆਗਿਆਕਾਰੀ, ਗੁਰੂ ਕਰਤਾ ਹਰਿ ਰਾਏ।

ਗਰਦਨ-ਜ਼ਨਿ ਸਰਕਸ਼ਾਂ, ਗੁਰੂ ਕਰਤਾ ਹਰਿ ਰਾਏ,
ਯਾਰਿ ਮੁਤਜ਼ੱਰਆਂ, ਗੁਰੂ ਕਰਤਾ ਹਰਿ ਰਾਏ ॥੯੧॥

ਅਖੜਖ਼ਾਨਾਂ ਦਾ ਸਿਰ ਨਿਵਾਵੇ, ਗੁਰੂ ਕਰਤਾ ਹਰਿ ਰਾਏ,
'ਕੋਮਲ' ਦਰਦੀਆਂ ਗਲ ਲਾਵੇ, ਗੁਰੂ ਕਰਤਾ ਹਰਿ ਰਾਏ।

## ਸਲਤਨਤਿ ਹਸ਼ਤਮ

### ਅਠਵੀਂ ਪਾਤਸ਼ਾਹੀ

ਸਲਤਨਤਿ ਹਸ਼ਤਮਸ਼ ਤਾਜਿ ਮਾਸੂਮਾਨਿ ਮਕਬੂਲ...॥੯੨॥

ਮਾਸੂਮਾਂ ਦਾ ਹੈ ਸਿਰਤਾਜ ਸ਼ਾਹਿ ਹਸ਼ਤਮ,
ਸਭ ਪ੍ਰਗ ਖਲੋਏ ਪੁਰਸ਼ਾਂ ਸਰਦਾਰ ਰਾਣਾ ਜੁਗ ਜੁਗ।
ਹੈ ਕਰਾਮਾਤ ਰੌਸ਼ਨ, ਹੈ ਜੋਤਿ ਲਿਸ਼ਕ ਨੂਰੀ,
ਆਭਾ ਪਵਿਤਰ ਪਾਵਨ, ਹੈ ਜੱਗ ਨੂਰਾਣਾ ਜੁਗ ਜੁਗ।
ਪਾਕ ਪੁਰਸ਼ ਸਾਰੇ, ਕੁਰਬਾਨ ਜਾਨੀ ਪਿਆਰੇ,
ਝੁਕਦੇ ਨੇ ਤੇਰੇ ਦੁਾਰੇ, ਸਿਰ ਦਾ ਠਿਕਾਣਾ ਜੁਗ ਜੁਗ।
ਚੁਣਿ-ਕਢੇ ਲਧੋਵਾਰੇ ਤਿਲੋਕੀ ਤੇ ਛੇ ਦਿਸ਼ਾਂ ਦੇ,
ਅਣਗਿਣਤ ਗਾ ਰਹੇ ਨੇ, ਜਸ ਵੇਦ ਵਖਾਣਾ ਜੁਗ ਜੁਗ।
ਨੌਂ ਤੱਬਕ ਦਸ ਦਿਸ਼ਾਵਾਂ, ਅਨੰਤ ਭਾਗ ਜਾਣਨ,
ਸੀਤ ਪ੍ਰਸਾਦੀ ਕਿਣਕੇ, ਚੁਣ ਚੁਣ ਕੇ ਖਾਣਾ ਜੁਗ ਜੁਗ।
'ਹਾਹਾ' ਜੋ ਨਾਮ ਅੰਦਰ, ਅਤਿਅੰਤ ਅਤਿ ਸੁੰਦਰ,
ਸਭ ਦੇਵ ਦੈਂਤਾਂ ਉਪਰ, ਫ਼ਤਿਹ ਪਾਣਾ ਜੁਗ ਜੁਗ।
'ਰਾਰਾ' ਹੈ ਰਹਮ ਕਰਦਾ, ਰਾਹ ਰਾਸਤੀ ਦਿਖਾਵੇ,
ਹੈ ਸਦਰ ਸੱਚ ਤਖ਼ਤ ਦਾ, ਰਾਜ ਮਾਣਾ ਜੁਗ ਜੁਗ।
'ਕਕਾ' ਸਿਹਾਰੀ ਵਾਲਾ, ਕਰਮੋ ਫ਼ਜ਼ਲ ਦਾ ਮਾਲਕ,
ਦਰ ਰਹਿਮਤਾਂ ਦੇ ਖੋਲ੍ਹੇ, ਸੁੰਦਰ ਸੁਹਾਣਾ ਜੁਗ ਜੁਗ।

'ਸ਼ਸ਼ਾ' ਜੋ ਸ਼ਾਹਿ ਹਸ਼ਤਮ, ਦੇ ਨਾਮ ਨੂੰ ਸੁਹਾਵੇ,
ਦੈਂਤਾਂ ਦੇ ਸੀਸ ਭੰਨੇ, ਰਾਜਯ ਕਮਾਣਾ ਜੁਗ ਜੁਗ।
'ਨਨਾ' ਹੈ ਨਿਰੰਕਾਰੀ, 'ਕੋਮਲ' ਦਿਲਾਂ ਦਾ ਖੇੜਾ,
ਹੈ ਮੰਤਰੀ ਰੱਬਾਨੀ, ਅਨੰਦ ਦਿਵਾਣਾ ਜੁਗ ਜੁਗ ਜੁਗ।

## ਵਾਹਿਗੁਰੂ ਜੀਓਸਤ

ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ।

ਗੁਰੂ ਹਰਿਕਿਸ਼ਨ ਆਂ ਹਮਾ ਫ਼ਜ਼ਲੋ ਜੂਦ
ਹੱਕਸ਼ ਅਜ਼ ਹਮ੍ਹਾ ਖ਼ਾਸਗਾਂ ਬ-ਸਤੂਦ ॥੯੩॥

ਹੈ ਬਖ਼ਸ਼ਸ਼ ਬਜ਼ੁਰਗੀ ਮੁਜੱਸਮ ਸਰੂਪੀ,
ਹਰਿ ਕਿਸ਼ਨ ਜੀ ਦਾ ਰੱਬੋਂ ਰੁਤਬਾ ਵਡੇਰਾ।

ਮਿਆਨਿ ਹਕੋ ਊ ਫ਼ਸਾਲੁਲ ਵਰਕ,
ਵਜੂਦਸ਼ ਹਮ੍ਹਾ ਫ਼ਜ਼ਲੋ ਅਫ਼ਜ਼ਾਲਿ ਹੱਕ ॥੯੪॥

ਹੈ ਪੂਰਨ ਜੋਤਿ ਰੱਬੀ, ਕੋ ਅੰਤਰਾ ਨਾ ਭਾਸੇ,
ਹੈ ਫ਼ਜ਼ਲੋ ਕਰਮ ਦੀ ਉਹ ਮੂਰਤ ਸੁੰਦਰੇਰਾ।

ਹਮ੍ਹਾ ਸਾਇਲਿ ਲੁਤਫ਼ਿ ਹੱਕ ਬਰ ਦਰਸ਼,
ਜ਼ਮੀਨੋ ਜ਼ਮਾਂ ਜੁਮਲਾ ਫ਼ਰਮਾਂਬਰਸ਼ ॥੯੫॥

ਰੱਬੀ ਰਹਿਮ ਦੇ ਇੱਛਕ, ਦਰ ਮੰਗਤੇ ਨੇ ਸਾਰੇ,
ਜ਼ਮੀਨੋ ਜ਼ਮਾਂ ਦਾ ਹੈ ਸਾਹਿਬ ਉਚੇਰਾ।

ਤੁਫ਼ੈਲਸ਼ ਦੋ ਆਲਮ ਬਵਦ ਕਾਮਯਾਬ,
ਅਜ਼ੋ ਗਸ਼ਤਹ ਹਰ ਜ਼ੱਰਾ ਖ਼ੁਰਸ਼ੀਦਿ ਤਾਬ ॥੯੬॥

ਉਸਦੀ ਹੀ ਕਿਰਪਾ ਸਦਕੇ, ਦੋ ਆਲਮ ਨੇ ਹੁੰਦੇ ਸਫਲੇ,
ਕਿਣਕੇ ਭਏ ਨੇ ਰੌਸ਼ਨ, ਭਾਨ ਤੋਂ ਵਧੇਰਾ।

ਹਮੁ ਖ਼ਾਸਗਾਂ ਰਾ ਕਫ਼ੀ ਅਸਮਤਸ਼,
ਸਰਾ ਤਾ ਸਮਾ ਜੁਮਲਾ ਫ਼ਰਮਾਂ ਬਰਸ਼ ॥੯੭॥

'ਕੋਮਲ' ਸਮੂਹ ਸਾਧ ਸੰਗਤ, ਨੂੰ ਤੇਰੀ ਪਵਿਤਰ ਰੰਗਤ,
ਪਾਤਾਲਾਂ ਅਕਾਸ਼ਾਂ ਨੂੰ ਇਕ ਆਸਰਾ ਹੈ ਤੇਰਾ।

## ਸਲਤਨਤਿ ਨਹਮ
### ਪਾਤਸ਼ਾਹੀ ਨੌਵੀਂ

ਸਲਤਨਤਿ ਨਹਮਸ਼ ਨੌ ਆਈਨਿ ਤਰ ਵ ਸਰਵਰਿ
ਸਰਵਰਾਨਿ ਹੱਕ ਪਰਵਰ...॥੯੮॥

ਨਵਲ ਨਵੀਨ ਨਵਤਨ, ਨੌਵੀਂ ਸੀ ਜੋਤਿ ਨਾਨਕ,
ਸਰਦਾਰ ਰਾਣਾ ਰੱਬੀ, ਹੱਕ ਹੱਕ ਕਮਾਣਾ ਜੁਗ ਜੁਗ।

ਦੁਨੀਆ ਦੀ ਪਾਤਸ਼ਾਹੀ, ਆਖ਼ਿਰਤ ਦੀ ਸ਼ਹਿਨਸ਼ਾਹੀ,
ਕਾਮਲ, ਕਰਾਮਾਤੀ, ਸੱਚਾ, ਤਖ਼ਤ ਸੁਹਾਣਾ ਜੁਗ ਜੁਗ ਜੁਗ।

ਮਾਣ ਹੁੰਦੇ ਥੀਆ ਨਿਮਾਣਾ, ਤਾਣ ਹੁੰਦੇ ਥੀਆ ਨਿਤਾਣਾ,
ਰੱਬੀ ਰਜ਼ਾ ਦੇ ਅੰਦਰ, ਵਾਹ ਸਿਰ ਨਿਵਾਣਾ ਜੁਗ ਜੁਗ।

ਜਰਨਾ ਕਮਾਲ 'ਕੋਮਲ', ਅਜ਼ਮਤ ਜਲਾਲ ਆਭਾ,
ਸਿਦਕ ਸਬੂਰੀ ਅੰਦਰ, ਸਬਰ ਕਮਾਣਾ ਜੁਗ ਜੁਗ।

ਚੁਣ-ਕਢੇ ਲਧੇਵਾਰੇ, ਆਸ਼ਕ ਗੁਰੂ ਪਿਆਰੇ,
ਪਰਖੇ ਖ਼ਜ਼ਾਨੇ ਪਾਇ, ਹੈ ਪੈਜ ਰਖਾਣਾ ਜੁਗ ਜੁਗ।

ਦੇਵਾਨ ਦੇਵ ਭਾਰੇ, ਰੱਬਾਨੀ ਪੁਰਸ਼ ਪਿਆਰੇ,
ਤੇਰੀ ਸ਼ਰਨ ਨੇ ਸਾਰੇ, ਰਾਜਯ ਕਮਾਣਾ ਜੁਗ ਜੁਗ।

ਆਦੀਯ ਪੁਰਖ ਨਿਵਾਜੇ, ਅਪਨੇ ਏਹ ਸਾਜ ਸਾਜੇ,
ਮਸਲਤ ਸਰੂਪ ਬਖਸ਼ਸ਼, ਇੰਜ ਰੂਪ ਮਾਣਾ ਜੁਗ ਜੁਗ।

ਪ੍ਰਵਾਨ ਗ਼ਨੀ ਪਿਆਰੇ, ਹੱਕ-ਸ਼ਨਾਸਾਂ ਸਾਰੇ,
ਤਾਬੇ ਤੇਰੀ ਸਦੀਵੀ, ਸਰਦਾਰ ਰਾਣਾ ਜੁਗ ਜੁਗ।

ਇਸ ਨਾਮ ਦਾ ਜੋ 'ਤੱਤਾ', ਰੱਬਾਨੀ ਉਹ ਰੰਗ ਰੱਤਾ,
ਸਬਰ ਸ਼ੁਕਰ ਭਰੋਸੇ, ਦਾ ਉਚ ਟਿਕਾਣਾ ਜੁਗ ਜੁਗ।

'ਲਾਂ' ਚਿਹਨ ਜੋ ਸੁਹਾਵੇ, ਸਿਦਕੀ ਸਿਖਰ ਪੁਚਾਵੇ,
ਵਿਸ਼ਵਾਸ ਦਾ ਧਰੱਵਾ, ਬੱਧਾ ਸੁਹਾਣਾ ਜੁਗ ਜੁਗ।

ਬਖ਼ਸ਼ਸ਼ ਕਰਮ ਦੀ ਮੂਰਤ, 'ਗੱਗਾ' ਹਲੀਮੀ ਪੂਰਤ,
ਗੁਰੂ ਸ਼ਾਂਤ ਸਹਿਨ-ਸ਼ੀਲਾ, ਠੰਡਾਂ ਵਸਾਣਾ ਜੁਗ ਜੁਗ।

'ਬਬਾ' ਤੇ 'ਹਾਹਾ' ਮਿਲ ਕੇ, ਸਭਾ ਸ਼ਿੰਗਾਰ ਸੋਹਣੇ,
ਸਿਖਸ਼ਾ ਤੇ ਵਿਦਵਤਾ ਨੂੰ, ਚੰਦ ਚਾਰ ਲਾਣਾ ਜੁਗ ਜੁਗ।

'ਕੰਨਾ' ਹੈ ਚਿੰਨ੍ਹ ਸੁਹਾਣਾ, ਸਿਦਕ ਤੇ ਸੱਚ ਦਿੜ੍ਹਾਣਾ,
ਸੀਗਾਰ ਸੁਹਜ ਅਜ਼ਲੀ, ਨਿਸਚਾ ਦਿਵਾਣਾ ਜੁਗ ਜੁਗ।

ਅਰਸ਼ੀ ਦੀਦਾਰ ਪੂਰਤ, ਦੱਦਾ ਜੋ ਨਾਮ ਅੰਦਰ,
ਅਰਸ਼ਾਂ ਤੇ ਫ਼ਰਸ਼ਾਂ ਉਪਰ, ਹੁਕਮ ਚਲਾਣਾ ਜੁਗ ਜੁਗ।

ਰੱਬੀ ਰਾਹਾਂ ਦਾ 'ਕੋਮਲ'; ਹੈ ਰਾਜ਼ਦਾਨ 'ਰਾਰਾ',
ਅਜ਼ਲੀ ਰੱਬਾਨੀ ਸੱਚ ਦੀ, ਨੀਂਹ ਰਖਾਣਾ ਜੁਗ ਜੁਗ।

ਵਾਹਿਗੁਰੂ ਜੀਓਸਤ

ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ ।

ਗੁਰੂ ਤੇਗ ਬਹਾਦਰ ਆਂ ਸਰਾਪਾ ਅਫ਼ਜ਼ਾਲ,
ਜ਼ੀਨਤ-ਆਰਾਇ ਮਹਿਫ਼ਲਿ ਜਾਹੋ ਜਲਾਲ ॥੯੯॥

ਸਿਰ ਤੋਂ ਪੈਰਾਂ ਤੀਕ ਪਿਆਰਾ, ਹੈ ਬਜ਼ੁਰਗੀਆਂ ਦੀ ਮੂਰਤ,
ਸੱਭਾ ਜਾਹੋ ਜਲਾਲ ਵਾਲੀ; ਉਸ ਦੀ ਸ਼ਿੰਗਾਰੇ ਸੂਰਤ ।

ਅਨਵਾਰਿ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ
ਹਰ ਦੋ ਆਲਮ ਜ਼ਿ ਫ਼ੈਜ਼ਿ ਫ਼ਜ਼ਲਸ਼ ਰੌਸ਼ਨ ॥੧੦੦॥

ਸੱਚ ਦੀਆਂ ਕਿਰਨਾਂ, ਉਸ ਦੀ ਪਾਕ ਹਸਤੀ ਤੋਂ ਨੂਰ-ਪੂਰਤ,
ਬਖ਼ਸ਼ਸ਼ ਕਰਮ ਦੇ ਸਦਕੇ, ਥੀਏ ਦੋ ਆਲਮ ਨੂਰਤ ।

ਹੱਕ ਅਜ਼ ਹਮ੍ਹਾ ਬਰ-ਗੁਜ਼ੀਦਗਾਂ ਬਗੁਜ਼ੀਦਸ਼
ਤਸਲੀਮੋ ਰਜ਼ਾ ਰਾ ਨਿਕੋ ਸੰਜੀਦਸ਼ ॥੧੦੧॥

ਚੁਣ-ਕੱਢੇ ਜੋ ਲਧੋਵਾਰੇ, ਸਭ ਰਹਿ ਗਏ ਉਰਾਰੇ,
ਜਾਤਾ ਪਰਮ ਪੁਰਖ ਪਿਆਰੇ, ਸਬਰ ਸ਼ੁਕਰ ਦੀ ਸੂਰਤ ।

ਬਰ ਹਰ ਮੁਕਬਲ, ਕਬੂਲਿ ਖ਼ੁਦ ਅਫ਼ਜ਼ੂਦਸ਼
ਮਸਜੂਦੁਲ ਆਲਮੀਂ ਜ਼ਿ ਫ਼ਜ਼ਲਿ ਖ਼ੁਦ ਫ਼ਰਮੂਦਸ਼ ॥੧੦੨॥

ਦੇਵਾਨ ਜੋ ਪਰਵਾਨੇ, ਸਭ 'ਚੋਂ ਉੱਚ ਮਾਨੇ,
ਸਭਸ ਦਾ ਪੂਜਯ ਥੱਪਿਆ, ਕਿਰਪਾ ਕਰ ਮਿਹਰ-ਮੂਰਤ ।

ਦਸਤਿ ਹਮ੍ਹਾ-ਗਾਂ ਬ-ਜ਼ੈਲਿ ਅਫ਼ਜ਼ਾਲਿ ਊ,
ਬਰ ਸਰਿ ਅਨਵਾਰਿ ਇਲਮ ਹੱਕ-ਕਾਲਿ ਉ ॥੧੦੩॥

ਬਖ਼ਸਸ਼ ਦੇ ਜਾਚਕ ਸਾਰੇ, ਸਭਨਾਂ ਨੇ ਹੱਥ ਪਸਾਰੇ,
'ਕੋਮਲ' ਓਸਦੀ ਸੱਚ-ਬਾਣੀ, ਹੈ ਗਿਆਨ-ਪ੍ਰਚੰਡੀ ਨੂਰਤ ।

# ਸਲਤਨਤਿ ਦਹਮ

## ਦਸਵੀਂ ਪਾਤਸ਼ਾਹੀ

**ਸਲਤਨਤਿ ਦਹਮਸ਼ ਦਸਤ-ਪੇਚਿ ਦੇਵਾਨਿ ਦੌਰ-ਗੀਰ, ਵ ਜ਼ੇਬੋ ਆਰਾਇਸ਼ਿ ਜਾਵਦਾਨੀ ਸਰੀਰ...॥੧੦੪॥**

ਦਾਨਵ ਦੁਸ਼ਟਾਂ ਸੋਧਣਹਾਰਾ, ਤਖ਼ਤ ਸਦੀਵੀ ਸੋਭਣਹਾਰਾ,
ਬੱਧਕਾਂ ਨੂੰ ਬੰਨ੍ਹ ਮਰੋੜੇ, ਹੈ ਅਖਵਾਂਦਾ ਦਸਮ ਪਾਤਸ਼ਾਹ।
ਨੂਰ-ਰਬਾਨੀ ਨੌਂ ਮਸ਼ਾਲਾਂ, ਸੱਚ-ਦਰਸਾਣੀ ਨੌਂ ਮਸ਼ਾਲਾਂ,
ਨੌਂ-ਜੋਤਿ-ਪ੍ਰਭਾ ਪ੍ਰਗਟਾਣਾ, ਜੱਲਵ-ਅਲਾਂਬਾ ਦਸਮ ਪਾਤਸ਼ਾਹ।
ਝੂਠ ਪਾਖੰਡ ਅਨੱਰਥ ਪਸਾਰਾ, ਪਸਰ ਰਿਹਾ ਸੀ ਘੋਰ ਅੰਧਾਰਾ,
ਕੂੜ ਕਬਾੜਾ ਚੁੱਕ ਉਠਾਰਾ, ਇਉਂ ਜੋਤਿ ਜਗਾਂਦਾ ਦਸਮ ਪਾਤਸ਼ਾਹ।
ਉਪਤ ਪਰਲੈ, ਆਦਿ ਅੰਤ ਦਾ, ਪਾਤਸ਼ਾਹ ਉਹ ਅਹੇ ਅਨੰਤ ਦਾ,
ਅੰਤਰ ਬਾਹਰ ਗੁਪਤ ਪ੍ਰਗਟ ਨੂੰ, ਜਾਣਿ ਜਣਾਂਦਾ ਦਸਮ ਪਾਤਸ਼ਾਹ।
ਉਦ੍ਹੇ ਉੱਚ ਟਿਕਾਣੇ, ਭਾਣੇ, ਕਾਮਿਲ ਕਰਾਮਾਤ ਪ੍ਰਗਟਾਣੇ,
ਸੇਵ ਸਲਾਮਾਂ ਤੋਂ ਨਿਰ-ਇੱਛਤ, ਵੇਪਰਵਾਹ ਕਹਾਂਦਾ ਦਸਮ ਪਾਤਸ਼ਾਹ।
ਸਿੰਘ ਸੂਰਮੇ ਉਸਦੇ ਪਿਆਰੇ, ਫ਼ੌਜ ਉਦ੍ਹੀ ਦੇ ਹੈਨ ਸਤਾਰੇ;
ਸਵਾ ਲੱਖ ਨਾਲ ਇਕ ਲੜਾਰੇ, ਕੌਣ ਬਣਾਂਦਾ ? ਦਸਮ ਪਾਤਸ਼ਾਹ।
ਨਿਸ਼ਾਨ ਸਾਹਿਬ ਹੈ ਚਿੰਨ੍ਹ ਫ਼ਤਿਹ ਦਾ, ਜੋ ਹੈ ਸਭ ਪ੍ਰਿਥਮੀ ਨੂੰ ਜਿਤਦਾ,
ਸਰਬੱਤ ਦਾ ਭਲਾ ਮਨਾਵਣਹਾਰੇ,ਚਿੰਨ੍ਹ-ਅਪਣਾਂਦਾ ਦਸਮ ਪਾਤਸ਼ਾਹ।

'ਗੱਗਾ' ਗੋਬਿੰਦ ਗੋਇ ਉਠਾਲੇ, ਅੰਤਮ ਸੱਚ ਦੀ ਜੋਤਿ ਦਿਖਾਲੇ,
'ਹੋੜਾ' ਸਾਨੂੰ, ਵਿਸ਼ਵ ਦੇ ਨਾਲੇ, ਸਹੀ ਸੰਬੰਧ ਸਮਝਾ ਰਿਹਾ ਏ।
ਸੰਗਿ 'ਸਿਹਾਰੀ' 'ਬਬਾ' ਨਾਮੀ, ਬਖ਼ਸ਼ੇ ਹਰ ਸ਼ਰਨਾਗਤ-ਗਾਮੀ,
'ਟਿੱਪੀ' ਨਾਲ ਪਵਿਤਰ ਟਿੱਕੀ, ਦਾਸਾਂ ਨੂੰ ਅਪਣਾ ਰਿਹਾ ਏ।
'ਦੱਦਾ' ਦੇਂਦਾ ਇਹ ਬੁਝਾਈ, ਇਹਦੀ ਉੱਚੀ ਸ਼ਾਨ ਅਤੇ ਵਡਿਆਈ,
ਕਾਲ ਦੀ ਕੱਟ ਦੇਵੇ ਇਹ ਫਾਹੀ, ਮਰਨੇ-ਤ੍ਰਾਸ ਮਿਟਾ ਰਿਹਾ ਏ।

'ਸੱਸਾ' ਜਿੰਘ ਦੀ ਜੀਵਨ-ਪੂੰਜੀ, 'ਟਿੱਪੀ' 'ਸਿਹਾਰੀ' ਨਾਲ ਹੈ ਦੂਜੀ,
ਸਰਬ ਸਮਰੱਥ ਦੀ ਸੰਗੀ ਸਾਥਣ, ਖ਼ੂਬ ਦਬਦਬਾ ਛਾ ਰਿਹਾ ਏ।
'ਘੱਘਾ' ਆਕੀ ਘੇਰ-ਲਿਆਊ, ਮਨਮੁੱਖਾਂ ਦੀ ਜਾਨ-ਸੁਕਾਊ,
ਸਭ ਨੂੰ ਸੱਚਾ ਰਾਹ-ਵਿਖਾਊ, ਵਿਗੜੇ ਸੋਧ ਸੁਧਾ ਰਿਹਾ ਏ।
ਚਿਹਨ ਸੁਹਾਣੇ ਨਾਮ ਦੇ ਅੱਖਰ, ਆਗਮ ਨਿਗਮ ਦੀ ਸੋਝੀ ਬਖ਼ਸ਼ਣ,
ਨੌਂ ਤਬਕਾਂ ਪੁਰ ਕਬਜ਼ੇ ਉਸਦੇ, ਸਿਖਸ਼ਾ ਡੰਕ ਬਜਾ ਰਿਹਾ ਏ।
ਸੈ-ਹਜ਼ਾਰਾਂ ਲੋਕ-ਤ੍ਰੈਲੋਕੀ, ਸਦ-ਹਜ਼ਾਰਾਂ ਸ਼ਾਸਤਰ-ਅਵਲੋਕੀ,
ਸਿਰ-ਨਿਹੁੜਾਏ ਖੜੇ ਸੇਵਾ ਵਿਚ, ਹੁਕਮੀ ਹੁਕਮ ਚਲਾ ਰਿਹਾ ਏ।
ਲੱਖਾਂ ਚਹੁੰ ਵੇਦ ਸੁਧਾਖਰ, ਨੌਂ ਖੰਡਾਂ ਦੇ ਲੱਖਾਂ ਸੁਰ ਨਰ,
ਦਸੇ ਦਿਸ਼ਾਂ ਅਰ ਤਿੰਨ ਤੀਹ ਮਿਲ, ਲੱਖ ਲੱਖ ਸੋਹਿਲੇ ਗਾ ਰਿਹਾ ਏ।
ਸੈ-ਹਜ਼ਾਰਾਂ ਈਸ਼ਰ ਬ੍ਰਹਮਾ, ਲੱਖਾਂ ਅਰਸ਼ ਕੁਰਸ ਦੇ ਵਾਸੀ,
ਉਸਦੀ ਛਤਰ ਛਾਯਾ ਦੇ ਜਾਚਿਕ, ਜਗਮਗਾ ਜੋਤਿ ਜਗਾ ਰਿਹਾ ਏ।
ਲੱਖਾਂ ਜ਼ਿਮੀ-ਆਕਾਸ਼ ਨੇ ਗੋਲੇ, ਸੈ-ਹਜ਼ਾਰਾਂ ਸੂਰ ਚੰਦ੍ਰਮੇ,
ਖ਼ਿਲਤਾਂ ਲੈ ਖੜੇ ਨੇ ਹਾਜ਼ਿਰ, ਜਲਵ ਜਲਾਲ ਸੁਹਾ ਰਿਹਾ ਏ।
ਸੈ-ਹਜ਼ਾਰਾਂ ਤਖ਼ਤ ਅਰਸ਼ ਦੇ, ਚਾਕਰ ਬਣ ਹਨ ਚਰਨ ਪਰਸਦੇ,
ਲੱਖਾਂ ਰਾਮ ਤੇ ਕਾਨ੍ਹ ਕਿਸ਼ਨ ਦਾ, ਚਰਨ-ਧੂੜ ਚਿਤ ਚਾਹ ਰਿਹਾ ਏ।
ਸਦ-ਹਜ਼ਾਰਾਂ ਪੁਗ-ਖਲੋਏ, ਦੇਵੀ ਦੇਵ ਤੇ ਇੰਦ੍ਰ ਇੰਦ੍ਰਾਸਣ,
ਗਾਵਨਿ ਤੁਧਨੋ, ਸ਼ੇਸ਼ਨਾਗ ਵੀ, ਲੱਖ ਲੱਖ ਰਸਨੀਂ ਗਾ ਰਿਹਾ ਏ।
ਸੈ-ਹਜ਼ਾਰਾਂ ਈਸ਼ਰ ਬ੍ਰਹਮੇ, ਸਿਦਕ ਸਹਿਤ ਸੇਵਾ ਨੂੰ ਤਰਸਣ,
ਮਹਾਂ-ਮਾਈਆਂ ਦੇਵੀਆਂ ਲੱਖਾਂ; ਟਹਿਲ ਕਮਾਵਨ ਭਾ ਰਿਹਾ ਏ।
ਕਾਦਿਰ ਦੀ ਕੁਦਰਤ ਜਾਚੇਵੇ, ਹੱਥ ਬੰਨ੍ਹ ਹਨ ਬਿਨੈ-ਅਲੋਵੇ,
ਗੁਰੂ ਗੋਬਿੰਦ ਸਿੰਘ ਸੱਚਾ ਸਾਹਿਬ; ਹੁਕਮੀ ਹੁਕਮ ਚਲਾ ਰਿਹਾ ਏ।

ਵਾਹਿਗੁਰੂ ਜੀਓਸਤ

ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ।

ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ
ਈਜ਼ਦੀ ਮਨਜ਼ੂਰ ਗੁਰ ਗੋਬਿੰਦ ਸਿੰਘ ॥੧੦੫॥

ਸਹਾਈ, ਸਹਾਇਤਾ ਪਾਇਕ ਗੁਰ ਗੋਬਿੰਦ ਸਿੰਘ।
ਰੱਬ-ਪ੍ਰਵਾਨਗੀ ਲਾਇਕ ਗੁਰ ਗੋਬਿੰਦ ਸਿੰਘ।

ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ
ਜੁਮਲਾ ਫ਼ੈਜ਼ਿ ਨੂਰ ਗੁਰ ਗੋਬਿੰਦ ਸਿੰਘ ॥੧੦੬॥

ਨਾਮ-ਨਿਧਾਨ ਭੰਡਾਰੀ, ਗੁਰ ਗੋਬਿੰਦ ਸਿੰਘ।
ਨਿਰਾ ਨੂਰ-ਕ੍ਰਿਪਾਰੀ, ਗੁਰ ਗੋਬਿੰਦ ਸਿੰਘ।

ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ
ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ ॥੧੦੭॥

ਸੱਚੁ, ਸੱਚ-ਜਾਣਨਹਾਰਾ ਗੁਰ ਗੋਬਿੰਦ ਸਿੰਘ।
ਸ਼ਾਹਾਨ ਸ਼ਾਹ ਸਤਾਰਾ ਗੁਰ ਗੋਬਿੰਦ ਸਿੰਘ।

ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ
ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ ॥੧੦੮॥

ਬਾਦਸ਼ਾਹ ਦੋਹੀਂ ਜਹਾਨਾਂ ਗੁਰ ਗੋਬਿੰਦ ਸਿੰਘ।
ਦੁਸ਼ਟ-ਦਮਨ ਪ੍ਰਧਾਨਾ ਗੁਰ ਗੋਬਿੰਦ ਸਿੰਘ।

ਫ਼ਾਇਜ਼ੁਲ ਅਨਵਾਰ ਗੁਰ ਗੋਬਿੰਦ ਸਿੰਘ
ਕਾਸ਼ਫ਼ੁਲ ਅਸਰਾਰ ਗੁਰ ਗੋਬਿੰਦ ਸਿੰਘ ॥੧੦੯॥

ਰੱਬੀ ਨੂਰ ਵਰਸਾਣਾ ਗੁਰ ਗੋਬਿੰਦ ਸਿੰਘ।
ਗੁੱਝੇ ਭੇਤ ਖੁਲ੍ਹਾਣਾ ਗੁਰ ਗੋਬਿੰਦ ਸਿੰਘ।

ਆਲਿਮੁਲ ਅਸਤਾਰ ਗੁਰ ਗੋਬਿੰਦ ਸਿੰਘ
ਅਬਰਿ ਰਹਿਮਤ ਬਾਰ ਗੁਰ ਗੋਬਿੰਦ ਸਿੰਘ ॥੧੧੦॥

ਪੜਦੇ ਭੇਤਾਂ ਦਾਨਾ ਗੁਰ ਗੋਬਿੰਦ ਸਿੰਘ।
ਮੇਹਰ ਮੀਂਹ ਵਰਸਾਨਾ ਗੁਰ ਗੋਬਿੰਦ ਸਿੰਘ।

ਮੁਕਬਲੋ ਮਕਬੂਲ ਗੁਰ ਗੋਬਿੰਦ ਸਿੰਘ
ਵਾਸਲੋ ਮੌਸੂਲ ਗੁਰ ਗੋਬਿੰਦ ਸਿੰਘ ॥੧੧੧॥

ਖ਼ੁਦ ਦਰਗਹ ਪਰਵਾਨਾ ਗੁਰ ਗੋਬਿੰਦ ਸਿੰਘ। (ਮੁਕਬਲ)
ਸਭ ਦੇ ਮਨ ਨੂੰ ਭਾਣਾ ਗੁਰ ਗੋਬਿੰਦ ਸਿੰਘ। (ਮਕਬੂਲ)
ਖ਼ੁਦ ਰੱਬੀ ਜੋਤਿ ਸਮਾਣਾ ਗੁਰ ਗੋਬਿੰਦ ਸਿੰਘ। (ਵਾਸਲ)
ਵਿਛੁੜੇ ਪ੍ਰਭੂ ਮਿਲਾਣਾ ਗੁਰ ਗੋਬਿੰਦ ਸਿੰਘ। (ਮੌਸੂਲ)

ਜਾਂ-ਫ਼ਰੋਜ਼ਿ ਦਹਿਰ ਗੁਰ ਗੋਬਿੰਦ ਸਿੰਘ
ਫ਼ੈਜ਼ਿ ਹੱਕ ਰਾ ਬਹਿਰ ਗੁਰ ਗੋਬਿੰਦ ਸਿੰਘ ॥੧੧੨॥

ਜਾਨ-ਜਗਤ ਉਜੀਆਰਾ ਗੁਰ ਗੋਬਿੰਦ ਸਿੰਘ।
ਮੇਹਰ ਸਮੁੰਦਰ ਭਾਰਾ ਗੁਰ ਗੋਬਿੰਦ ਸਿੰਘ।

ਹੱਕ ਰਾ ਮਹਬੂਬ ਗੁਰ ਗੋਬਿੰਦ ਸਿੰਘ
ਤਾਲਿਬੋ ਮਤਲੂਬ ਗੁਰ ਗੋਬਿੰਦ ਸਿੰਘ ॥੧੧੩॥

ਮਹਿਬੂਬ ਰੱਬਾਨੀ ਪਿਆਰਾ ਗੁਰ ਗੋਬਿੰਦ ਸਿੰਘ।
ਉਡੀਣਾ ਪ੍ਰਭ ਦਰਬਾਰਾ ਗੁਰ ਗੋਬਿੰਦ ਸਿੰਘ। (ਤਾਲਿਬ)
ਜਗਤ ਚਾਹੇ ਦਰਸਾਰਾ ਗੁਰ ਗੋਬਿੰਦ ਸਿੰਘ। (ਮਤਲੂਬ)

ਤੇਗ਼ ਰਾ ਫ਼ੱਤਾਹ ਗੁਰ ਗੋਬਿੰਦ ਸਿੰਘ
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸ਼ਿੰਘ ॥੧੧੪॥

ਤੇਗ਼-ਧਨੀ ਬਹੁ ਭਾਰਾ ਗੁਰ ਗੋਬਿੰਦ ਸਿੰਘ।
ਜਾਨੋ ਦਿਲ ਨੂੰ ਪਿਆਰਾ ਗੁਰ ਗੋਬਿੰਦ ਸਿੰਘ।

ਸਾਹਿਬਿ ਅਕਲੀਲ ਗੁਰ ਗੋਬਿੰਦ ਸ਼ਿੰਘ
ਜ਼ਿਲਿ ਹੱਕ ਤਜ਼ਲੀਲ ਗੁਰ ਗੋਬਿੰਦ ਸਿੰਘ ॥੧੧੫॥

ਤਾਜ ਕਲਗੀਆਂ ਲਾਵੇ ਗੁਰ ਗੋਬਿੰਦ ਸਿੰਘ।
ਛਾਯਾ ਛਬੀ ਸੁਹਾਵੇ ਗੁਰ ਗੋਬਿੰਦ ਸਿੰਘ।

ਖ਼ਾਜ਼ਨਿ ਹਰ ਗੰਜ ਗੁਰ ਗੋਬਿੰਦ ਸਿੰਘ
ਮਰਹਮਿ ਹਰ ਰੰਜ ਗੁਰ ਗੋਬਿੰਦ ਸਿੰਘ ॥੧੧੬॥

ਸਰਬ ਨਿਧਾਨਾ ਨਾਇਕ ਗੁਰ ਗੋਬਿੰਦ ਸਿੰਘ।
ਦਰਦ ਨਿਵਾਰਨ ਲਾਇਕ ਗੁਰ ਗੋਬਿੰਦ ਸਿੰਘ।

ਦਾਵਰਿ ਆਫ਼ਾਕ ਗੁਰ ਗੋਬਿੰਦ ਸਿੰਘ
ਦਰ ਦੋ ਆਲਮ ਤਾਕ ਗੁਰ ਗੋਬਿੰਦ ਸਿੰਘ ॥੧੧੭॥

ਜਗ ਨੂੰ ਨਿਆਂ-ਪੁਚਾਣਾ ਗੁਰ ਗੋਬਿੰਦ ਸਿੰਘ।
ਦੋਹੀਂ ਜਹਾਨੀ ਰਾਣਾ ਗੁਰ ਗੋਬਿੰਦ ਸਿੰਘ।

ਹੱਕ ਖ਼ੁਦ ਵਸਾਫ਼ਿ ਗੁਰ ਗੋਬਿੰਦ ਸਿੰਘ
ਬਰਤਰੀਂ ਔਸਾਫ਼ਿ ਗੁਰ ਗੋਬਿੰਦ ਸਿੰਘ ॥੧੧੮॥

ਰੱਬ ਭੀ ਸਿਫ਼ਤ-ਕੁਨਿੰਦਾ ਗੁਰ ਗੋਬਿੰਦ ਸਿੰਘ।
ਸਰਬੋਤਮ ਗੁਣਾਂ ਰਖੰਦਾ ਗੁਰ ਗੋਬਿੰਦ ਸਿੰਘ।

ਖ਼ਾਸਗਾਂ ਦਰ ਪਾਇ ਗੁਰ ਗੋਬਿੰਦ ਸਿੰਘ
ਕੁਦਸੀਆਂ ਬਾ ਰਾਇ ਗੁਰ ਗੋਬਿੰਦ ਸਿੰਘ ॥੧੧੯॥

ਚਰਨ-ਚਾਕਰ ਖਾਸ ਬੰਦੇ ਗੁਰ ਗੋਬਿੰਦ ਸਿੰਘ।
ਸੁਰ ਨਰ ਪੁਛਿ ਚਲੰਦੇ ਗੁਰ ਗੋਬਿੰਦ ਸਿੰਘ।

ਮੁਕਬਲਾਂ ਮਦਾਹਿ ਗੁਰ ਗੋਬਿੰਦ ਸਿੰਘ
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ ॥੧੨੦॥

ਪਰਵਾਨੇ ਗਾਵਣਹਾਰਾ ਗੁਰ ਗੋਬਿੰਦ ਸਿੰਘ।
ਜਾਨੋ ਦਿਲ ਨੂੰ ਪਿਆਰਾ ਗੁਰ ਗੋਬਿੰਦ ਸਿੰਘ।

ਲਾ-ਮਕਾਂ ਪਾ-ਬੋਸਿ ਗੁਰ ਗੋਬਿੰਦ ਸਿੰਘ
ਬਰ ਦੋ ਆਲਮ ਕੋਸਿ ਗੁਰ ਗੋਬਿੰਦ ਸਿੰਘ ॥੧੨੧॥

ਅਨੰਤ ਭੀ ਚਰਨ-ਪੂਜਾਰਾ ਗੁਰ ਗੋਬਿੰਦ ਸਿੰਘ।
ਦੋ ਆਲਮ ਵਜੇ ਨਗਾਰਾ ਗੁਰ ਗੋਬਿੰਦ ਸਿੰਘ।

ਸੁਲਸ ਹਮ ਮਹਕੂਮਿ ਗੁਰ ਗੋਬਿੰਦ ਸਿੰਘ
ਰੁੱਬਅ ਹਮ ਮਖ਼ਤੂਮਿ ਗੁਰ ਗੋਬਿੰਦ ਸਿੰਘ ॥੧੨੨॥

ਤ੍ਰੈ-ਲੋਕੀ ਹੈ ਚਾਕਰ ਗੁਰ ਗੋਬਿੰਦ ਸਿੰਘ।
ਚਹੁੰ ਦਿਸ਼ਾਈਂ ਠਾਕੁਰ ਗੁਰ ਗੋਬਿੰਦ ਸਿੰਘ।

ਸੁਦਸ ਹਲਕਾ-ਬਗੋਸ਼ਿ ਗੁਰ ਗੋਬਿੰਦ ਸਿੰਘ
ਦੁਸ਼ਮਨ-ਅਫ਼ਗਨ ਜੋਸ਼ਿ ਗੁਰ ਗੋਬਿੰਦ ਸਿੰਘ ॥੧੨੩॥

ਛੇ ਦਿਸ਼ਾਂ ਹਨ ਚਾਕਰ, ਗੁਰ ਗੋਬਿੰਦ ਸਿੰਘ।
ਦੁਸ਼ਮਨ ਲਈ ਭੈਅੰਕਰ ਗੁਰ ਗੋਬਿੰਦ ਸਿੰਘ।

ਖ਼ਾਲਿਸੋ ਬੇ-ਕੀਨਾ ਗੁਰ ਗੋਬਿੰਦ ਸਿੰਘ
ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ ॥੧੨੪॥

ਖ਼ਾਲਿਸ ਅਤੇ ਨਿਰਵੈਰ ਗੁਰ ਗੋਬਿੰਦ ਸਿੰਘ।
ਰੱਬ, ਰੱਬ ਵਿਖਾਵੇ ਜ਼ਾਹਿਰ ਗੁਰ ਗੋਬਿੰਦ ਸਿੰਘ।

ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ ॥੧੨੫॥

ਰੱਬ ਵੀ, ਅਤੇ ਰੱਬਾਨੀ ਗੁਰ ਗੋਬਿੰਦ ਸਿੰਘ।
ਸ਼ਾਹ ਫ਼ਕੀਰ ਲਾਸਾਨੀ ਗੁਰ ਗੋਬਿੰਦ ਸਿੰਘ।

ਮਕਰਮੁਲ ਫ਼ਜ਼ਾਲ ਗੁਰ ਗੋਬਿੰਦ ਸਿੰਘ
ਮੁਨਇਮਲ ਮੁੱਤਆਲ ਗੁਰ ਗੋਬਿੰਦ ਸਿੰਘ ॥੧੨੬॥

ਕਰਮ ਬਖ਼ਸ਼ਸ਼ ਦੀ ਮੂਰਤ, ਗੁਰ ਗੋਬਿੰਦ ਸਿੰਘ।
ਪੂਰੇ ਧਨ ਜ਼ਰੂਰਤ, ਗੁਰ ਗੋਬਿੰਦ ਸਿੰਘ।

ਕਾਰਮੁਲ ਕਰਾਮ ਗੁਰ ਗੋਬਿੰਦ ਸਿੰਘ
ਰਾਹਮੁਲ ਰਹਾਮ ਗੁਰ ਗੋਬਿੰਦ ਸਿੰਘ ॥੧੨੭॥

ਸਖੀਆਂ ਉਪਰ ਕਰੀਮ ਗੁਰ ਗੋਬਿੰਦ ਸਿੰਘ।
ਮੇਹਰਬਾਨਾਂ 'ਪੁਰ ਰਹੀਮ ਗੁਰ ਗੋਬਿੰਦ ਸਿੰਘ।

ਨਾਇਮੁਲ-ਮੁਨਆਮ ਗੁਰ ਗੋਬਿੰਦ ਸਿੰਘ
ਫ਼ਾਹਮੁਲ-ਫ਼ੱਹਾਮ ਗੁਰ ਗੋਬਿੰਦ ਸਿੰਘ ॥੧੨੮॥

ਨਿਆਮਤਾਂ ਦਾ ਸਚ-ਦਾਤਾ ਗੁਰ ਗੋਬਿੰਦ ਸਿੰਘ।
ਗੌਰਿਆਂ ਗੌਰਵ ਗਿਆਤਾ ਗੁਰ ਗੋਬਿੰਦ ਸਿੰਘ।

ਦਾਇਮੋ ਪਾਇੰਦਾ ਗੁਰ ਗੋਬਿੰਦ ਸਿੰਘ
ਫ਼ਰਖ਼ੋ ਫ਼ਰਖ਼ੰਦਾ ਗੁਰ ਗੋਬਿੰਦ ਸਿੰਘ ॥੧੨੯॥

ਸਦਾ ਸਲਾਮਤ ਕਾਇਮ ਗੁਰ ਗੋਬਿੰਦ ਸਿੰਘ।
ਉੱਚ ਮੁਬਾਰਕ ਦਾਇਮ ਗੁਰ ਗੋਬਿੰਦ ਸਿੰਘ।

ਫ਼ੈਜ਼ਿ ਸੁਬਹਾਂ ਜ਼ਾਤਿ ਗੁਰ ਗੋਬਿੰਦ ਸਿੰਘ
ਨੂਰਿ ਹੱਕ ਲਮਆਤ ਗੁਰ ਗੋਬਿੰਦ ਸਿੰਘ ॥੧੩੦॥

ਸਾਹਿਬ ਦੀ ਮੇਹਰਬਾਨੀ ਗੁਰ ਗੋਬਿੰਦ ਸਿੰਘ।
ਰੌਸ਼ਨ ਬੁਕਾ ਨੂਰਾਨੀ ਗੁਰ ਗੋਬਿੰਦ ਸਿੰਘ।

ਸਾਮਿਆਨਿ ਨਾਮਿ ਗੁਰ ਗੋਬਿੰਦ ਸਿੰਘ
ਹੱਕ-ਬੀਂ ਜ਼ਿ ਇਨਆਮਿ ਗੁਰ ਗੋਬਿੰਦ ਸਿੰਘ ॥੧੩੧॥

ਤੇਰਾ ਨਾਮ ਸੁਣੰਦੇ ਗੁਰ ਗੋਬਿੰਦ ਸਿੰਘ।
ਤੈਂ ਮਿਹਰ ਥੀਂ ਰੱਬ ਪਿਖੰਦੇ ਗੁਰ ਗੋਬਿੰਦ ਸਿੰਘ।

ਵਾਸਫ਼ਾਨਿ ਜ਼ਾਤਿ ਗੁਰ ਗੋਬਿੰਦ ਸਿੰਘ
ਵਾਸਿਲ ਅਜ਼ ਬਰਕਾਤਿ ਗੁਰ ਗੋਬਿੰਦ ਸਿੰਘ ॥੧੩੨॥

ਤੇਰੀ ਜ਼ਾਤ ਸਲਾਹਣਹਾਰੇ ਗੁਰ ਗੋਬਿੰਦ ਸਿੰਘ।
ਤੈਂ-ਬਰਕਤਾਂ ਨਾਲ ਸ਼ਿੰਗਾਰੇ ਗੁਰ ਗੋਬਿੰਦ ਸਿੰਘ।

ਰਾਕਮਾਨਿ ਵਸਫ਼ਿ ਗੁਰ ਗੋਬਿੰਦ ਸਿੰਘ
ਨਾਮਵਰ ਅਜ਼ ਲੁਤਫ਼ਿ ਗੁਰ ਗੋਬਿੰਦ ਸਿੰਘ ॥੧੩੩॥

ਤੇਰੀਆਂ ਸਿਫ਼ਤਾਂ ਲਿਖਣਹਾਰੇ ਗੁਰ ਗੋਬਿੰਦ ਸਿੰਘ।
ਤੇਰੀ ਕਿਰਪਾ ਨਾਲ ਉਜਾਰੇ ਗੁਰ ਗੋਬਿੰਦ ਸਿੰਘ।

ਨਾਜ਼ਰਾਨਿ ਰੂਏ ਗੁਰ ਗੋਬਿੰਦ ਸਿੰਘ
ਮਸਤਿ ਹੱਕ ਦਰ ਕੂਏ ਗੁਰ ਗੋਬਿੰਦ ਸਿੰਘ ॥੧੩੪॥

ਮੁੱਖ ਮਸਤਕ ਕਰਨ ਦੀਦਾਰੇ ਗੁਰ ਗੋਬਿੰਦ ਸਿੰਘ।
ਰੱਬ ਪੇਖਿ ਰਹਿਣ ਦਰਬਾਰੇ ਗੁਰ ਗੋਬਿੰਦ ਸਿੰਘ।

ਖ਼ਾਕ-ਬੋਸਿ ਪਾਇ ਗੁਰ ਗੋਬਿੰਦ ਸਿੰਘ
ਮੁਕਬਲ ਅਜ਼ ਆਲਾਇ ਗੁਰ ਗੋਬਿੰਦ ਸਿੰਘ ॥੧੩੫॥

ਚਰਨਾਂ ਚੁੰਮਣ ਧੂੜੀ ਗੁਰ ਗੋਬਿੰਦ ਸਿੰਘ।
ਮੇਹਰ ਥੀਂ ਥੀਏ ਹਜੂਰੀ ਗੁਰ ਗੋਬਿੰਦ ਸਿੰਘ।

ਕਾਦਰਿ ਹਰ ਕਾਰ ਗੁਰ ਗੋਬਿੰਦ ਸਿੰਘ
ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ ॥੧੩੬॥

ਤੇਰਾ ਕਾਜ ਨ ਕੋਈ ਅਟਕੇ ਗੁਰ ਗੋਬਿੰਦ ਸਿੰਘ।
ਗਰੀਬਾਂ ਤੋਂ ਤੂੰ ਸਦਕੇ ਗੁਰ ਗੋਬਿੰਦ ਸਿੰਘ।

ਸਾਜਿਦੋ ਮਸਜੂਦ ਗੁਰ ਗੋਬਿੰਦ ਸਿੰਘ
ਜੁਮਲਾ ਫ਼ੈਜ਼ੋ ਜੂਦ ਗੁਰ ਗੋਬਿੰਦ ਸਿੰਘ ॥੧੩੭॥

ਤੂੰ ਨਿਵਣ ਨਿਵਾਵਣਹਾਰਾ ਗੁਰ ਗੋਬਿੰਦ ਸਿੰਘ।
ਬਖ਼ਸ਼ਸ਼ ਕਰਮ ਅਵਤਾਰਾ ਗੁਰ ਗੋਬਿੰਦ ਸਿੰਘ।

ਸਰਵਰਾਂ ਰਾ ਤਾਜ ਗੁਰ ਗੋਬਿੰਦ ਸਿੰਘ
ਬਰਤਰੀਂ ਮਿਅਰਾਜ ਗੁਰ ਗੋਬਿੰਦ ਸਿੰਘ ॥੧੩੮॥
ਤੂੰ ਸਿਰ ਸ਼ਾਹਾਂ ਸਿਰਤਾਜਾ ਗੁਰ ਗੋਬਿੰਦ ਸਿੰਘ।
ਤੇਰਾ ਉੱਚ ਦਰਜਾ ਮਹਾਰਾਜਾ ਗੁਰ ਗੋਬਿੰਦ ਸਿੰਘ।

ਅਸ਼ਰ ਕੁਦਸੀ ਰਾਮਿ ਗੁਰ ਗੋਬਿੰਦ ਸਿੰਘ
ਵਾਸਫ਼ਿ ਅਕਰਾਮ ਗੁਰ ਗੋਬਿੰਦ ਸਿੰਘ ॥੧੩੯॥
ਦਹ ਦੇਵ-ਫ਼ਰਿਸ਼ਤੇ ਚਾਕਰ ਗੁਰ ਗੋਬਿੰਦ ਸਿੰਘ।
ਗੁਣ ਕੀਰਤਿ ਤੇ ਸ਼ਾਕਰ ਗੁਰ ਗੋਬਿੰਦ ਸਿੰਘ।

ਉੱਮਿ ਕੁਦਸ ਬਕਾਰਿ ਗੁਰ ਗੋਬਿੰਦ ਸਿੰਘ
ਗ਼ਾਸ਼ੀਆ ਬਰਦਾਰਿ ਗੁਰ ਗੋਬਿੰਦ ਸਿੰਘ ॥੧੪੦॥
ਬਿਧ-ਮਾਤਾ ਹੱਥ ਜੋੜੇ ਗੁਰ ਗੋਬਿੰਦ ਸਿੰਘ।
ਉਹ ਸੇਵਾ ਕਰਨੀ ਲੋੜੇ ਗੁਰ ਗੋਬਿੰਦ ਸਿੰਘ।

ਕਦਰਿ ਕੁਦਰਤ ਪੇਸ਼ਿ ਗੁਰ ਗੋਬਿੰਦ ਸਿੰਘ
ਇਨਕਿਆਦ ਅੰਦੇਸ਼ਿ ਗੁਰ ਗੋਬਿੰਦ ਸਿੰਘ ॥੧੪੧॥
ਕੁਦਰਤ ਕਿਆ ਵੇਚਾਰੀ ? ਗੁਰ ਗੋਬਿੰਦ ਸਿੰਘ।
ਨਿਉਂ ਨਿਉਂ ਕਰੇ ਜੋਹਾਰੀ, ਗੁਰ ਗੋਬਿੰਦ ਸਿੰਘ।

ਤਿੱਸਆ ਉਲਵੀ ਖ਼ਾਕਿ ਗੁਰ ਗੋਬਿੰਦ ਸਿੰਘ
ਚਾਕਰਿ ਚਾਲਾਕਿ ਗੁਰ ਗੋਬਿੰਦ ਸਿੰਘ ॥੧੪੨॥
ਨੌਂ ਦੇਵ ਧੂੜ ਦੀ ਖ਼ਾਤਰ ਗੁਰ ਗੋਬਿੰਦ ਸਿੰਘ।
ਤੱਤਪਰ ਤੇਰੇ ਚਾਕਰ ਗੁਰ ਗੋਬਿੰਦ ਸਿੰਘ।

ਤਖ਼ਤਿ ਬਾਲਾ ਜ਼ੇਰਿ ਗੁਰ ਗੋਬਿੰਦ ਸਿੰਘ
ਲਾਮਕਾਨੇ ਸੈਰ ਗੁਰ ਗੋਬਿੰਦ ਸਿੰਘ ॥੧੪੩॥
ਉੱਚੇ ਤਖ਼ਤ ਦਾ ਮਾਲਕ ਗੁਰ ਗੋਬਿੰਦ ਸਿੰਘ।
ਅਨੰਤ ਮੰਡਲ ਵਿੱਚ ਚਾਲਕ ਗੁਰ ਗੋਬਿੰਦ ਸਿੰਘ।

ਬਰਤਰ ਅਜ਼ ਹਰ ਕਦਰ ਗੁਰ ਗੋਬਿੰਦ ਸਿੰਘ
ਜਾਵਿਦਾਨੀ ਸਦਰ ਗੁਰ ਗੋਬਿੰਦ ਸਿੰਘ ॥੧੪੪॥

ਤੇਰੀ ਕਦਰ ਹੈ ਅਪਰ ਅਪਾਰਾ ਗੁਰ ਗੋਬਿੰਦ ਸਿੰਘ ।
ਅਟੱਲ ਤੇਰਾ ਦਰਬਾਰਾ ਗੁਰ ਗੋਬਿੰਦ ਸਿੰਘ ।

ਆਲਮੇ ਰੌਸ਼ਨ ਜ਼ਿ ਗੁਰ ਗੋਬਿੰਦ ਸਿੰਘ
ਜਾਨੋ ਦਿਲ ਗੁਲਸ਼ਨ ਜ਼ਿ ਗੁਰ ਗੋਬਿੰਦ ਸਿੰਘ ॥੧੪੫॥

ਸਭ ਜੱਗ ਦਾ ਰੌਸ਼ਨ ਚਰਾਗ਼ ਗੁਰ ਗੋਬਿੰਦ ਸਿੰਘ ।
ਮਨ ਕੀਤਾ ਹਰਿਆ ਬਾਗ਼ ਗੁਰ ਗੋਬਿੰਦ ਸਿੰਘ ।

ਰੋਜ਼ ਅਫ਼ਜ਼ੂੰ ਜਾਹਿ ਗੁਰ ਗੋਬਿੰਦ ਸਿੰਘ
ਜ਼ੇਬਿ ਤਖ਼ਤੋ ਗਾਹਿ ਗੁਰ ਗੋਬਿੰਦ ਸਿੰਘ ॥੧੪੬॥

ਦਿਨੋ ਦਿਨ ਚੜ੍ਹੇ ਸਵਾਇਆ ਗੁਰ ਗੋਬਿੰਦ ਸਿੰਘ ।
ਸਿੰਘਾਸਨ ਤੂੰ ਹੀ ਸੁਹਾਇਆ ਗੁਰ ਗੋਬਿੰਦ ਸਿੰਘ ।

ਮੁਰਸ਼ਦੁਲ ਦਾਰੈਨ ਗੁਰ ਗੋਬਿੰਦ ਸਿੰਘ
ਬੀਨਸ਼ਿ ਹਰ ਐਨ ਗੁਰ ਗੋਬਿੰਦ ਸਿੰਘ ॥੧੪੭॥

ਸਤਿਗੁਰੂ ਦੋਹੀਂ ਜਹਾਨੀਂ ਗੁਰ ਗੋਬਿੰਦ ਸਿੰਘ ।
ਹਰ ਅੱਖ ਦੀ ਜੋਤ ਨੂਰਾਨੀ ਗੁਰ ਗੋਬਿੰਦ ਸਿੰਘ ।

ਜੁਮਲਾ ਦਰ ਫ਼ਰਮਾਨਿ ਗੁਰ ਗੋਬਿੰਦ ਸਿੰਘ
ਬਰਤਰ ਆਮਦ ਸ਼ਾਨਿ ਗੁਰ ਗੋਬਿੰਦ ਸਿੰਘ ॥੧੪੮॥

ਸਭ ਕੋਈ ਹੁਕਮੇ ਅੰਦਰ ਗੁਰ ਗੋਬਿੰਦ ਸਿੰਘ ।
ਤੇਰੀ ਸ਼ਾਨ ਹੈ ਪਰੇ-ਪਰੰਦਰ ਗੁਰ ਗੋਬਿੰਦ ਸਿੰਘ ।

ਹਰ ਦੋ ਆਲਮ ਖ਼ੈਲਿ ਗੁਰ ਗੋਬਿੰਦ ਸਿੰਘ
ਜੁਮਲਾ ਅੰਦਰ ਜ਼ੈਲਿ ਗੁਰ ਗੋਬਿੰਦ ਸਿੰਘ ॥੧੪੯॥

ਤੇਰਾ ਦੋ ਆਲਮ ਪਰਵਾਰਾ ਗੁਰ ਗੋਬਿੰਦ ਸਿੰਘ।
ਸਭ ਨੂੰ ਤੇਰਾ ਸਹਾਰਾ ਗੁਰ ਗੋਬਿੰਦ ਸਿੰਘ।

ਵਾਹਿਬੁੱਲ ਵਹਾਬ ਗੁਰ ਗੋਬਿੰਦ ਸਿੰਘ
ਫ਼ਾਤਿਹਿ ਹਰ ਬਾਬ ਗੁਰ ਗੋਬਿੰਦ ਸਿੰਘ ॥੧੫੦॥

ਬਖ਼ਸ਼ਸ਼ਾਂ ਦਾ ਦੇਤਾ ਗੁਰ ਗੋਬਿੰਦ ਸਿੰਘ।
ਹਰ ਜਾ ਵਿਜੈ ਵਿਜੈਤਾ ਗੁਰ ਗੋਬਿੰਦ ਸਿੰਘ।

ਸ਼ਾਮਿਲੁਲ ਅਸ਼ਫ਼ਾਕ ਗੁਰ ਗੋਬਿੰਦ ਸਿੰਘ
ਕਾਮਿਲੁਲ ਅਖ਼ਲਾਕ ਗੁਰ ਗੋਬਿੰਦ ਸਿੰਘ ॥੧੫੧॥

ਪਿਆਰ ਮਿਹਰ ਭਰਪੂਰਾ ਗੁਰ ਗੋਬਿੰਦ ਸਿੰਘ।
ਸਦਾਚਾਰ ਵਿੱਚ ਪੂਰਾ ਗੁਰ ਗੋਬਿੰਦ ਸਿੰਘ।

ਰੂਹ ਦਰ ਹਰ ਜਿਸਮ ਗੁਰ ਗੋਬਿੰਦ ਸਿੰਘ
ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ ॥੧੫੨॥

ਸਭ ਵਿਚ ਓਤ ਪ੍ਰੋਤ ਗੁਰ ਗੋਬਿੰਦ ਸਿੰਘ।
ਸਭ ਨੈਣਾਂ ਦੀ ਜੋਤਿ ਗੁਰ ਗੋਬਿੰਦ ਸਿੰਘ।

ਜੁਮਲਾ ਰੋਜ਼ੀ ਖ਼ਾਰਿ ਗੁਰ ਗੋਬਿੰਦ ਸਿੰਘ
ਫ਼ੈਜ਼ਿ ਹੱਕ ਇਮਤਾਰ ਗੁਰ ਗੋਬਿੰਦ ਸਿੰਘ ॥੧੫੩॥

ਸਭ ਨੂੰ ਰਿਜ਼ਕ ਪੁਚਾਵੇ ਗੁਰ ਗੋਬਿੰਦ ਸਿੰਘ।
ਮੇਹਰ ਦੇ ਬਦਲ ਵਰ੍ਹਾਵੇ ਗੁਰ ਗੋਬਿੰਦ ਸਿੰਘ।

ਬਿਸਤੋ ਹਫ਼ਤ ਗਦਾਇ ਗੁਰ ਗੋਬਿੰਦ ਸਿੰਘ
ਖ਼ਾਕਰੋਬਿ ਸਰਾਇ ਗੁਰ ਗ਼ੋਬਿੰਦ ਸਿੰਘ ॥੧੫੪॥

ਵੀਹ ਤੇ ਸਤ ਭਿਖਾਰੀ ਗੁਰ ਗੋਬਿੰਦ ਸਿੰਘ।
ਤੇਰੇ ਦਰ ਦੇਣ ਬੁਹਾਰੀ ਗੁਰ ਗੋਬਿੰਦ ਸਿੰਘ।

ਖ਼ੱਮਸ ਵਸਫ਼ ਪੈਰਾਇ ਗੁਰ ਗੋਬਿੰਦ ਸਿੰਘ
ਹਫ਼ਤ ਹਮ ਸ਼ੈਦਾਇ ਗੁਰ ਗੋਬਿੰਦ ਸਿੰਘ ॥੧੫੫॥

ਪੰਜੇ ਤੱਤ ਸਿਫ਼ਤਾਰੀ ਗੁਰ ਗੋਬਿੰਦ ਸਿੰਘ।
ਸਪਤ ਦੀਪ ਬਲਿਹਾਰੀ ਗੁਰ ਗੋਬਿੰਦ ਸਿੰਘ।

ਬਰ ਦੋ ਆਲਮ ਦਸਤਿ ਗੁਰ ਗੋਬਿੰਦ ਸਿੰਘ
ਜੁਮਲਾ ਉਲਵੀ ਪਸਤਿ ਗੁਰ ਗੋਬਿੰਦ ਸਿੰਘ ॥੧੫੬॥

(ਤੇਰਾ) ਦੋ ਆਲਮ ਨੂੰ ਤਾਨ ਗੁਰ ਗੋਬਿੰਦ ਸਿੰਘ।
ਤੂੰ ਹੈਂ ਦੇਵ ਦੇਵਾਨ ਗੁਰ ਗੋਬਿੰਦ ਸਿੰਘ।

ਲਾਅਲ ਸੱਗੇ ਗ਼ੁਲਾਮਿ ਗੁਰ ਗੋਬਿੰਦ ਸਿੰਘ
ਦਾਗ਼ਦਾਰਿ ਨਾਮਿ ਗੁਰ ਗੋਬਿੰਦ ਸਿੰਘ ॥੧੫੭॥

ਲਾਲ ਹੈ ਕੂਕਰ ਗੋਲਾ, ਗੁਰ ਗੋਬਿੰਦ ਸਿੰਘ।
ਨਾਮ ਦੇ ਦਾਗ ਦਗੋਲਾ, ਗੁਰ ਗੋਬਿੰਦ ਸਿੰਘ।

ਕਮਤਰੀਂ ਜ਼ਿ ਸਗਾਨਿ ਗੁਰ ਗੋਬਿੰਦ ਸਿੰਘ
ਰੇਜ਼ਾ-ਚੀਨਿ ਖ਼੍ਵਾਨਿ ਗੁਰ ਗੋਬਿੰਦ ਸਿੰਘ ॥੧੫੮॥

ਮੈਂ ਕੁੱਤਿਆਂ ਤੋਂ ਵੀ ਨੀਵਾਂ ਗੁਰ ਗੋਬਿੰਦ ਸਿੰਘ।
ਚੁਣ ਕਿਣਕੇ ਤ੍ਰਿਪਤ ਸੁ ਥੀਵਾਂ ਗੁਰ ਗੋਬਿੰਦ ਸਿੰਘ।

ਸਾਇਲ ਅਜ਼ ਇਨਆਮਿ ਗੁਰ ਗੋਬਿੰਦ ਸਿੰਘ
ਖ਼ਾਕਿ ਪਾਕ ਅਕਦਾਮਿ ਗੁਰ ਗੋਬਿੰਦ ਸਿੰਘ ॥੧੫੯॥

ਇਸ ਬਖ਼ਸ਼ਸ਼ ਦਾ ਸੁਆਲੀ, ਗੁਰ ਗੋਬਿੰਦ ਸਿੰਘ।
ਚਰਨ ਕੰਵਲ ਰਵਾਲੀ, ਗੁਰ ਗੋਬਿੰਦ ਸਿੰਘ।

ਬਾਦ ਜਾਨਸ਼ ਫ਼ਿਦਾਇ ਗੁਰ ਗੋਬਿੰਦ ਸਿੰਘ
ਫ਼ਰਕਿ ਊ ਬਰ ਪਾਇ ਗੁਰ ਗੋਬਿੰਦ ਸਿੰਘ ॥੧੬੦॥

ਵਾਰੀ ਵੰਞਾਂ ਤਉ ਸਰਨੀਂ, ਗੁਰ ਗੋਬਿੰਦ ਸਿੰਘ।
ਮੈਂ ਸੀਸ ਸੁਹਾਵਾ ਚਰਨੀਂ ਗੁਰ ਗੋਬਿੰਦ ਸਿੰਘ।

*